ਸ੍ਰੀ ਗੁਰੂ ਸਿੰਘ ਸਭਾ

# ਪੱਤ੍ਰਿਕਾ

੧੬ ਫਰਵਰੀ ੨੦੨੩

ਸਿੱਖ ਮੁਫਾਦ ਦਾ ਪਹਿਰੇਦਾਰ



**8 ਮਾਰਚ ਕੌਮਾਂਤਰੀ ਔਰਤ ਦਿਵਸ**

ਆਉ, ਗੁਰੂ ਨਾਨਕ ਸਾਹਿਬ ਦੇ ਸਿਧਾਂਤ 'ਤੇ ਚਲਦੇ ਹੋਏ ਸਿੱਖ ਬੀਬੀਆਂ ਦੇ ਧਾਰਮਕ ਅਤੇ ਸਮਾਜਕ ਹੱਕਾਂ ਦੀ ਪ੍ਰੋੜ੍ਹਤਾ ਕਰੀਏ।

## ਹੋਲਾ ਮਹੱਲਾ



## ਪੰਜਾਬ 'ਚ ਧਰਮ ਪਰਿਵਰਤਨ ਕਿਵੇ?



ਕੇਪ ਟਾਊਨ ਸਾਊਥ ਅਫਰੀਕਾ ਦੇ ਰਹਿਣ ਵਾਲੇ ਪਰਿਵਾਰ ਦੇ 6 ਮੈਂਬਰ ਗੁਰਦੁਆਰਾ ਸਾਹਿਬ ਦਾਦਰ ਆਏ



Mumbai-based EduSikh launches RISE -Reigniting Sikh Enterprises

# Mumbai-based EduSikh launches RISE -Reigniting Sikh Enterprises

Singh Sabha Patrika Bureau

At a well-attended meet of Sikh businessmen, professionals and entrepreneurs at Khalsa College, Mumbai, education activism body EduSikh, supported by Singh Sabha Mumbai launched its new initiative -RISE - Reigniting Sikh Enterprises.

According to release by EduSikh, the new initiative RISE will strive to rejuvenate the traditional entrepreneurial spark amongst the Sikhs and make them leap forward through modern day competition. It will be a forum to mentor Sikh entrepreneurs and make them future-ready, scale up their businesses and impart skills to leverage networks. This program will serve as a link between aspirants and mentors.

Paramjeet Singh, the founder of EduSikh told Patrika that RISE will actively engage business mentors, subject matter experts to guide Sikh promoted existing businesses, FMBs and Start-ups via One-on-one guidance on setting up and scaling up business, Group workshops, Seminars with leading industrialists, creating a strong network and finding solutions to pressing business issues.

> "Mentors can guide from an outside perspective and this provides details which one generally misses."
> -Paramjeet Singh, Founder EduSikh

Speaking at the seminar, Paramjeet Singh urged the attendees not to shy of acknowledging their problems and be ready to seek help. Explaining the importance of mentorship, he said, "Mentors can guide from an outside perspective and this provides details which one generally misses."

Speaking on the Qualities of Entrepreneurs, private equity professional and a principal with the US$2BN special situations fund, Birender



Sahani said he started his career in 2001 and had more than 2 decades experience in Investing and Financial services, having worked with companies such as EY, JPMorgan (India and US), and Colliers International. His areas of expertise comprised Corporate Finance, Financial Modelling and Accounting. He shared how he experimented, made mistakes but with a lot of persistence and guidance from mentors, managed to survive and grow.

A chartered accountant by profession, well-recognized for excellence in the field of finance, Harvinderjit Singh Bhatia, an alumnus of Columbia Business School, CEO and Co-founder of Radiowala- India's largest B2B smart-tech platform catering to in-store radio network and curating customized radio channels for the retail industry spoke on the importance of "Identifying and filtering business opportunities." Sardar Bhatia shared how he joined Radio Mirchi as CFO and how the experience of setting it up from scratch helped him till the entrepreneurial bug bit him and he started his first enterprise and is now a founder of two more successful enterprises, namely Sochcast and Frenzi.



Counted amongst the top CEOs and business coaches in the country, recipient of the Golden Peacock Award for corporate leadership at the global level, a successful Global L & D and Digital Marketing Strategist and currently associated with 'Practicing Leader for Leadership Development', and 'Digital Initiatives' with India's largest multinational corporate, Dr. Jagmohan Singh, in his very lucid style spoke on How to scale UP and Challenge the Status Quo. He explained the salient features and pain points that entrepreneurs face while scaling up.

The finale of the evening was an interesting panel discussion between Golden Precision Products -India's leading manufacturer and exporter of clutch plates for the last four decades, CEO Harmindar Singh and young and dynamic founder of Singh Styled -India's first grooming company for Sikhs. Moderated by Imagineer, Entrepreneur, Evangelist, and Leadership Coach and co-founder of a gamified consumer tech platform YONOMY Manak Singh, both the entrepreneurs spoke about their journey so far and the lessons learnt. The audience were amazed at their high level of involvement in research and in creating world class products.

Sukbir Singh and Rishiraj Sethi, the mentors from EduSikh Team answered the queries of the participants who appreciated the initiative and were keen to know how they could benefit.

Since the last many years, EduSikh is engaged in the holistic education of Sikh children across India and in conducting community initiatives through seminars and online webinars. Making it easier for the uninitiated, the body conducts meetings on Understanding the MSME sector, Importance of Wills and other allied topics. Doing all this, the pioneers also engage in promotion of the Punjabi language through Maboli Olympiads and promotion of Punjabi literature.

Hosted by leading educationist and a successful entrepreneur in his own right, who created IMFS -which specializes in mentoring students who wish to study abroad -K. P. Singh, the program was attended by eminent personalities including Kulwant Singh, Vice-President, Sri Guru Singh Sabha, Ajit Singh Dhingra, Executive Chairman, Prudent Insurance Brokers, Inderjeet Singh Matta, Digital Technology, IBM, Gurpreet S Uppal, Founder, 7Parallels Techno Consultants, Gurvinder Singh Wasan and Captain Surinder Singh Sethi, concluding with appreciation and call for future support from Singh Sabha Mumbai President Manmohan Singh.

# ਪੱਤ੍ਰਿਕਾ

ਸ੍ਰੀ ਗੁਰੂ ਸਿੰਘ ਸਭਾ

ਸਿੱਖ ਮੁਫਾਦ ਦਾ ਪਹਿਰੇਦਾਰ

103 YEARS OF SEWA

1920 SINGH SABHA 2023

DADAR GURUDWARA

ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ, ਦਾਦਰ

**Year: 6** **Issue: 211**

**16 February 2023** **Price: Rs. 5**

**EDITOR**
**KULWANT SINGH**

**PUBLISHER**
**BAHADUR SINGH**
on behalf of Trust Sri Guru Singh Sabha,
Dr. Ambedkar Road, Dadar (E), Mumbai-14

**PRINTER:**
**EXCEL ARTS**
Bhai Jaimal Singh Marg,
Opp. Guru Nanak High School,
Guru Teg Bahadur Nagar, Mumbai-37

**FEEDBACK**
**T:** 24135029 **E:** sgssdadar@gmail.com



**DISCLAIMER**
Sri Guru Singh Sabha does not
necessarily endorse all views of writers.

**JURISDICTION**
All disputes subject to jurisdiction
of Mumbai courts only.



**Registration No. MAHBIL/2013/53199**
**Postal Registration NO.MCE/248/2023-25**
**Postal at Dadar H.O. Mumbai-14**


# ਸੰਪਾਦਕੀ

## ਸਿੰਧੀ ਸਮਾਜ ਸਿੱਖ ਕੌਮ ਦਾ ਅਨਿੱਖੜਵਾਂ ਅੰਗ

ਕਰਾਚੀ ਤੋਂ ਮੁੰਬਈ ਤੱਕ ਕੱਛ ਤੋਂ ਕੋਟੇ ਤੱਕ ਪੂਨੇ ਤੋਂ ਇੰਦੌਰ ਤੱਕ, ਬਰਤਾਨੀਆਂ ਤੋਂ ਅਫਰੀਕਾ ਤੱਕ ਸਿੰਧੀ ਸਮਾਜ ਗੁਰੂ ਗ੍ਰੰਥ ਸਾਹਿਬ ਵਿੱਚ ਆਪਣਾ ਦ੍ਰਿੜ੍ਹ ਵਿਸ਼ਵਾਸ ਰੱਖਦੇ ਹੋਏ ਗੁਰੂ ਨਾਨਕ ਨਾਮਲੇਵਾ ਸਿੱਖਾਂ ਦੀ ਮੂਹਰਲੀ ਕਤਾਰ ਵਿੱਚ ਸਿੱਖਾਂ ਦੇ ਹਮਸਫਰ ਬਣ ਕੇ ਸਿੱਖ ਕੌਮ ਦਾ ਅਨਿੱਖੜਵਾਂ ਅੰਗ ਬਣ ਕੇ ਵਿਚਰ ਰਹੇ ਹਨ।

ਪਿਛਲੇ ਦਿਨੀ ਇੰਦੌਰ ਵਿੱਚ ਅਚਾਨਕ ਵਾਪਰੇ ਅਣਸੁਖਾਵੇਂ ਹਾਲਾਤਾਂ ਕਰਕੇ ਕੁਝ ਦਿਨਾਂ ਲਈ ਉਥੇ ਦੇ ਸਿੰਧੀ ਸਮਾਜ ਦਾ ਇੱਕ ਤਬਕਾ ਨਰਾਜ਼ਗੀ ਅਤੇ ਰੋਸ ਜਤਾਉਂਦੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਸਰੂਪ ਸਤਿਕਾਰ ਨਾਲ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ ਛੱਡ ਗਏ ਸਨ।

ਪੰਥ ਪ੍ਰਸਤ ਸਿੱਖਾਂ ਦੀ ਦਖਲ ਅੰਦਾਜ਼ੀ ਕਰਕੇ ਅਕਾਲ ਤਖਤ ਸਾਹਿਬ ਵੱਲੋਂ ਇਸ ਦਾ ਗੰਭੀਰ ਨੋਟਿਸ ਲੈਣ ਕਰਕੇ ਬਹੁਤੇ ਲਗਭਗ ਸਾਰੇ ਸਿੰਧੀ ਅਸਥਾਨਾ ਦੇ ਪੈਰੋਕਾਰਾਂ ਨੇ ਮਹਾਰਾਜ ਸੱਚੇ ਪਾਤਸ਼ਾਹ ਦੇ ਸਰੂਪ ਵਾਪਸ ਲਿਜਾ ਕੇ ਸੁਸ਼ੋਬਿਤ ਕੀਤੇ।

ਸੋਸ਼ਲ ਮੀਡੀਆ 'ਤੇ ਕੌਮ ਦੇ ਸੁਹਿਰਦ ਆਗੂਆਂ ਅਤੇ ਸੂਝਵਾਨਾਂ ਨੇ ਸਿੰਧੀ ਸਮਾਜ ਨਾਲ ਆਪਣਾ ਡਟਵਾਂ ਸਾਥ ਅਤੇ ਪਿਆਰ ਜਤਾਇਆ ਜੋ ਕਿ ਅਤਿ ਸ਼ਲਾਘਾਯੋਗ ਹੈ।

ਸਿੰਧੀ ਸਮਾਜ ਨਾਨਕ, ਵਣਜਾਰਾ ਸਿੱਖ, ਨਿਰਮਲੇ ਸਿੱਖ, ਸਿਕਲੀਗਰ ਸਿੱਖ ਅਤੇ ਅਜਿਹੀਆਂ ਹੋਰ ਕਈ ਧਿਰਾਂ ਆਪਣੀ ਜ਼ਿੰਦਗੀਆਂ ਦੀਆਂ ਸਾਰੀਆਂ ਕਾਰਵਾਈਆਂ ਗੁਰੂ ਘਰ ਨਾਲ ਜੁੜ ਕੇ ਕਰਦੇ ਹਨ ਭਾਵੇਂ ਕਿ ਉਨ੍ਹਾਂ ਦੇ ਤੌਰ-ਤਰੀਕੇ ਸਿੱਖ ਕੌਮੀ ਤੌਰ-ਤਰੀਕਿਆਂ ਤੋਂ ਵਖਰੇਵਾਂ ਰੱਖਦੇ ਹਨ।

ਇਨ੍ਹਾਂ ਵਖਰੇਵਿਆਂ ਨੂੰ ਸਤਿਕਾਰ ਨਾਲ, ਪਿਆਰ ਨਾਲ, ਮਿਲਵਰਤਣ ਨਾਲ, ਪ੍ਰਚਾਰ ਨਾਲ ਦੂਰ ਕੀਤਾ ਜਾ ਸਕਦਾ ਹੈ। ਦੂਰ ਨਾ ਵੀ ਹੋਣ ਦੀ ਸੂਰਤ ਵਿੱਚ ਇਹ ਧਿਰਾਂ ਗੁਰੂ ਘਰ ਨਾਲ ਜੁੜੀਆਂ ਰਹਿਣਗੀਆਂ। ਬੇਤਰਤੀਬੀ ਅਤੇ ਕਾਹਲੀ ਵਿੱਚ ਚੁੱਕੇ ਕਦਮ ਇਨ੍ਹਾਂ ਵਖਰੇਵਿਆਂ ਦੇ ਪਾੜ ਨੂੰ ਹੋਰ ਵਧਾ ਸਕਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਵਾਪਰ ਰਹੀਆਂ ਬੇਅਦਬੀ ਦੀਆਂ ਵਾਰਦਾਤਾਂ ਨੇ ਸਿੱਖਾਂ ਨੂੰ ਬਹੁਤ ਚਿੰਤਤ ਕੀਤਾ ਹੈ ਅਤੇ ਨਾਲ ਹੀ ਸਿੱਖ ਬੇਅਦਬੀ ਦੇ ਵਰਤਾਰੇ ਤੋਂ ਬਹੁਤ ਜਲਦੀ ਖਬਰਦਾਰ ਹੋ ਜਾਂਦੇ ਹਨ ਜਿੱਥੇ ਇਹ ਇੱਕ ਚੰਗੀ ਗੱਲ ਹੈ ਅਤੇ ਇਸ ਦੀ ਜਰੂਰਤ ਵੀ ਹੈ ਪਰ ਅਜਿਹੇ ਗੰਭੀਰ ਮਸਲਿਆਂ ਨੂੰ ਪੂਰੇ ਅਮਨ ਨਾਲ ਵਿਚਾਰ-ਵਟਾਂਦਰੇ ਨਾਲ ਹੱਲ ਕਰਨ ਦੇ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਜਿੱਥੇ ਕਿਸੇ ਅਜਿਹੇ ਸਮਾਜ ਵੱਲੋਂ ਬੇਅਦਬੀ ਹੋਣ ਦਾ ਖਦਸ਼ਾ ਹੋਵੇ ਉਨ੍ਹਾਂ ਦੇ ਸਿਰਕੱਢ ਆਗੂਆਂ ਨਾਲ ਗੱਲਬਾਤ ਕਰਕੇ ਸਿੱਖੀ ਆਸ਼ੇ ਮੁਤਾਬਕ ਹੱਲ ਲੱਭਣੇ ਚਾਹੀਦੇ ਹਨ।

ਸਿੱਖਾਂ ਅਤੇ ਸਿੱਖੀ ਦਾ ਗੁਲਦਤਾ ਬਹੁਤ ਵੱਡਾ ਅਤੇ ਵਿਸ਼ਾਲ ਹੈ ਅਤੇ ਇਸ ਦਾ ਕਲਾਵਾ ਦਿਨੋਂ ਦਿਨ ਵੱਧ ਰਿਹਾ ਹੈ। ਸਾਨੂੰ ਬਹੁਤ ਬਰੀਕੀ ਨਾਲ ਅਜਿਹੇ ਮੁੱਦਿਆਂ ਨੂੰ ਨਜਿੱਠਣਾ ਚਾਹੀਦਾ ਹੈ।

ਸਤਿਕਾਰ ਜਿੱਤਿਆ ਜਾਂਦਾ ਹੈ ਜਬਰਦਸਤੀ ਨਹੀਂ ਕਰਵਾਇਆ ਜਾਂਦਾ।

**ਕੁਲਵੰਤ ਸਿੰਘ**

# ਸਿੰਧੀ ਸਮਾਜ ਨੂੰ ਮਰਯਾਦਾ ਸਮਝਾ ਕੇ ਮੁੜ ਗੁਰੂ ਗ੍ਰੰਥ ਸਾਹਿਬ ਸੌਂਪਣ ਦੀ ਕਵਾਇਦ ਜਾਰੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**



ਪਿਛਲੇ ਦਿਨੀਂ ਸਿੰਧੀ ਸਮਾਜ ਇੰਦੌਰ ਵਲੋਂ ਦੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗੁਰਦੁਆਰਾ ਇਮਲੀ ਸਾਹਿਬ ਨੂੰ ਦਿੱਤੇ ਗਏ ਸਨ, ਸਰੂਪ ਮੁੜ ਸਿੰਧੀ ਸਮਾਜ ਨੂੰ ਦਿੱਤੇ ਜਾਣ ਬਾਰੇ ਕਵਾਇਦ ਜਾਰੀ ਹੈ। ਇੰਦੌਰ ਵਿਚ ਸਿੰਧੀਆਂ ਦੇ ਲਗਭਗ 150 ਤੋਂ ਵੱਧ ਸਥਾਨ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਨ। ਪਰ ਨਾਲ ਹੀ ਕੁੱਝ ਸਥਾਨ ਇਹੋ ਜਿਹੇ ਵੀ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਨ ਸਤਿਕਾਰ ਨਹੀਂ ਸੀ, ਤੇ ਇਸ ਬਾਰੇ ਸਮਝਾਉਣ ਦੀ ਬਜਾਏ ਇਨ੍ਹਾਂ 'ਤੇ ਕੁਝ ਸਥਾਨਕ ਨਿਹੰਗਾਂ ਤੇ ਪੰਜਾਬ ਤੋਂ ਆਈ ਸਤਿਕਾਰ ਕਮੇਟੀ ਦੇ ਲੋਕਾਂ ਦੁਆਰਾ ਸਖ਼ਤੀ ਕੀਤੀ ਗਈ। ਜਿਸ ਨਾਲ ਮਾਮਲਾ ਉਲੱਝ ਗਿਆ ਤੇ ਸਿੱਟੇ ਵਜੋਂ 92 ਸਰੂਪ ਉਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ ਨੂੰ ਵਾਪਸ ਕਰ ਦਿੱਤੇ।

ਜੋ 74 ਸਰੂਪ ਇਹੋ ਜਿਹੇ ਸਨ ਜੋ ਬਿਰਧ ਹੋ ਗਏ ਹਨ ਜਿਨ੍ਹਾਂ ਦਾ ਪ੍ਰਕਾਸ਼ ਕਰਨਾ ਸੰਭਵ ਨਹੀਂ ਪਰ ਮਰਯਾਦਾ ਤੋਂ ਅਣਜਾਣ ਸਿੰਧੀਆਂ ਨੇ ਉਹ ਵੀ ਆਪਣੇ ਦਰਬਾਰਾਂ 'ਚ ਰੱਖੇ ਸਨ। ਬਾਕੀ 18 ਸਰੂਪ ਇਹੋ ਜਿਹੇ ਸਨ ਜੋ ਪ੍ਰਕਾਸ਼ ਕਰਨ ਯੋਗ ਹਨ, ਸ਼ਾਇਦ ਮਰਯਾਦਾ ਦੇ ਡਰ ਨਾਲ ਉਨ੍ਹਾਂ ਨੇ ਇਹ ਵੀ ਵਾਪਸ ਕਰ ਦਿੱਤੇ।

ਸਿੰਧੀ ਸਮਾਜ ਦੇ ਆਗੂਆਂ ਨੇ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਮਨਜੀਤ ਸਿੰਘ ਰਿੰਕੂ ਭਾਟੀਆ ਨਾਲ ਗੱਲਬਾਤ ਕੀਤੀ ਤੇ ਮਾਮਲਾ ਸੁਲਝਾ ਲਿਆ ਗਿਆ। ਸਿੰਧੀ ਸਮਾਜ ਅਤੇ ਸਿੱਖਾਂ ਦੀ 13 ਮੈਂਬਰੀ ਮਰਿਯਾਦਾ ਨਿਗਰਾਨ ਕਮੇਟੀ ਬਣਾ ਦਿੱਤੀ ਗਈ ਹੈ ਜੋ ਸਿੰਧੀ ਦਰਬਾਰਾ ਜਾਂ ਘਰਾਂ 'ਚ ਸਰੂਪ ਪ੍ਰਕਾਸ਼ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਪੂਰੀ ਮਰਯਾਦਾ ਸਿਖਾਏਗੀ ਫਿਰ ਹੀ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਨਾਲ ਸੌਂਪੇ ਜਾਣਗੇ ਬਾਅਦ 'ਚ ਇਹ ਕਮੇਟੀ ਲਗਾਤਾਰ ਨਿਗਰਾਨੀ ਵੀ ਕਰਦੀ ਰਹੇਗੀ।

ਇਸ ਫ਼ੈਸਲੇ 'ਤੇ ਸਿੰਧੀ ਸਮਾਜ ਨੇ ਤਸੱਲੀ ਤੇ ਖੁਸ਼ੀ ਪ੍ਰਗਟਾਈ। ਸ੍ਰੀ ਗੁਰੂ ਸਿੰਘ ਸਭਾ ਇੰਦੌਰ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਬਿਰਧ ਸਰੂਪ ਲੈ ਕੇ ਜਾਣ ਲਈ ਤੇ 50 ਨਵੇਂ ਸਰੂਪ ਦੇਣ ਲਈ ਵੀ ਬੇਨਤੀ ਪੱਤਰ ਲਿੱਖਿਆ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਨੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਲਾਹਕਾਰ ਗੁਰਮੀਤ ਸਿੰਘ ਨਾਲ ਵੀ ਗੱਲਬਾਤ ਕਰ ਕੇ ਸਾਰੇ ਪਹਿਲੂਆਂ ਤੋਂ ਜਾਣੂ ਕਰਵਾਇਆ।

## ਸਿੱਖ ਤੇ ਸਿੰਧੀ ਸਮਾਜ ਵਿਚਕਾਰ ਪਾੜਾ ਨਾ ਪਾਇਆ ਜਾਵੇ-ਸ਼੍ਰੋਮਣੀ ਕਮੇਟੀ ਵਫਦ



**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ਼੍ਰੋਮਣੀ ਕਮੇਟੀ ਵਲੋਂ ਪਿਛਲੇ ਦਿਨੀਂ ਇੰਦੌਰ ਵਿਖੇ ਸਿੰਧੀ ਸਮਾਜ ਦੇ ਮਾਮਲੇ ਸੰਬੰਧੀ ਸਥਾਨਕ ਸਿੱਖਾਂ ਅਤੇ ਸਿੰਧੀ ਸਮਾਜ ਦੇ ਆਗੂਆਂ ਨਾਲ ਗੱਲਬਾਤ ਕਰਨ ਲਈ ਭੇਜੇ ਉੱਚ ਪੱਧਰੀ ਵਫ਼ਦ ਨੇ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਹੈ। ਵਫਦ ਮੈਂਬਰ ਭਾਈ ਅਭਿਆਸੀ ਨੇ ਦੱਸਿਆ ਕਿ ਇੰਦੌਰ ਵਿਖੇ ਸਿੰਧੀ ਸਿੱਖ ਪਰਿਵਾਰਾਂ ਦੇ ਘਰਾਂ ਤੇ ਉਨ੍ਹਾਂ ਵਲੋਂ ਸਥਾਪਤ ਕੀਤੇ ਅਸਥਾਨਾਂ ਤੋਂ ਕੁਝ ਲੋਕਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੁੱਕਣ ਦਾ ਮਾਮਲਾ ਸਾਹਮਣੇ ਆਇਆ ਸੀ। ਵਫਦ ਨੇ ਮਹਿਸੂਸ ਕੀਤਾ ਹੈ ਕਿ ਸਿੰਧੀ ਸਮਾਜ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੇਹੱਦ ਸਤਿਕਾਰ ਕਰਦਾ ਹੈ, ਇਸ ਲਈ ਇਨ੍ਹਾਂ ਨੂੰ ਨਾਲ ਜੋੜੀ ਰੱਖਣ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਹੈ।ਮਹਾਂਮੰਡਲੇਸ਼ਵਰ ਕਥਿਤ ਤੌਰ 'ਤੇ ਆਪਸੀ ਭਾਈਚਾਰੇ ਵਿਚ ਪਾੜਾ ਪਾਉਣ ਲਈ ਲੋਕਾਂ ਨੂੰ ਉਕਸਾ ਰਹੇ ਹਨ।

## ਪੁਲੀਸ ਸਤਿਕਾਰ ਕਮੇਟੀਆਂ ਦਾ ਸਹਿਯੋਗ ਨਾ ਕਰੇ: ਸ਼੍ਰੋਮਣੀ ਕਮੇਟੀ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਇੰਦੌਰ ਵਿੱਚ ਸਿੰਧੀ ਪਰਿਵਾਰਾਂ ਦੇ ਘਰਾਂ ਵਿੱਚੋਂ ਪਾਵਨ ਸਰੂਪ ਚੁੱਕ ਕੇ ਲਿਆਉਣ ਦੀ ਵਾਪਰੀ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪੰਜਾਬ ਦੇ ਡੀਜੀਪੀ ਨੂੰ ਇੱਕ ਪੱਤਰ ਭੇਜ ਕੇ ਆਖਿਆ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਵੱਲੋਂ ਸਤਿਕਾਰ ਕਮੇਟੀਆਂ ਨੂੰ ਕੋਈ ਮਾਨਤਾ ਨਹੀਂ ਹੈ ਅਤੇ ਨਾ ਹੀ ਪਾਵਨ ਸਰੂਪ ਆਪਣੀ ਮਰਜ਼ੀ ਨਾਲ ਚੁੱਕ ਕੇ ਲਿਆਉਣ ਦੀ ਕੋਈ ਆਗਿਆ ਦਿੱਤੀ ਹੋਈ ਹੈ।

ਇਹ ਪੱਤਰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਰਾਹੀਂ ਡੀਜੀਪੀ ਨੂੰ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਨੇ ਡੀਜੀਪੀ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿੱਚ ਪੁਲੀਸ ਥਾਣਿਆਂ ਨੂੰ ਹਦਾਇਤ ਕਰਨ ਕਿ ਭਵਿੱਖ ਵਿਚ ਅਜਿਹੇ ਮਾਮਲਿਆਂ ਵਿੱਚ ਸਤਿਕਾਰ ਕਮੇਟੀਆਂ ਨੂੰ ਪੁਲੀਸ ਵੱਲੋਂ ਸਹਿਯੋਗ ਨਾ ਦਿੱਤਾ ਜਾਵੇ।

# ਝੂਠੇ ਵਾਅਦਿਆਂ ਤੇ ਦਾਅਵਿਆਂ ਨਾਲ ਹੋ ਰਿਹੈ ਧਰਮ ਪਰਿਵਰਤਨ

**ਰਾਜਮੀਤ ਸਿੰਘ**



ਪੰਜਾਬ ਵਿੱਚ ਧਰਮ ਪਰਿਵਰਤਨ ਦੇ ਨਾਂ 'ਤੇ ਲੋਕਾਂ ਨੂੰ ਵੱਡੇ ਸਬਜ਼ਬਾਗ ਦਿਖਾਏ ਜਾ ਰਹੇ ਹਨ ਤੇ ਉਨ੍ਹਾਂ ਨੂੰ ਕਰਾਮਾਤਾਂ ਦੇ ਨਾਂ 'ਤੇ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਵਰਤਾਰਾ ਘਰਾਂ ਵਿਚ ਚਰਚ ਬਣਾ ਕੇ ਕੀਤਾ ਜਾ ਰਿਹਾ ਹੈ। ਇੱਥੋਂ ਨੇੜਲੇ ਨਾਢਾ-ਕਰੌਰਾਂ ਸੜਕ 'ਤੇ ਢਾਬੇ ਨਾਲ ਲੱਗਦੀ ਤੰਗ ਗਲੀ ਵਿਚ ਪੈਂਟੇਕੋਸਟਲ ਚਰਚ ਵਿਚ ਐਤਵਾਰ ਨੂੰ ਧਰਮ ਪਰਿਵਰਤਨ ਸਮਾਗਮ ਵਿਚ ਵੱਡੀ ਗਿਣਤੀ ਲੋਕ ਜੁੜੇ। ਪੰਜਾਬ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਸੱਤ ਗਿਰਜਾਘਰ ਹੋਂਦ ਵਿਚ ਆਏ ਹਨ ਜਿਨ੍ਹਾਂ ਵਿੱਚੋਂ ਕੁਝ ਘਰਾਂ ਤੋਂ ਚਲਾਏ ਜਾ ਰਹੇ ਹਨ।

ਨਾਢਾ-ਨਯਾ ਗਾਉਂ-ਕਾਂਸਲ ਖੇਤਰ ਪੰਜਾਬ ਦੇ ਤੇਜ਼ੀ ਨਾਲ ਬਦਲ ਰਹੇ ਧਾਰਮਿਕ ਦ੍ਰਿਸ਼ ਦੀ ਝਲਕ ਪੇਸ਼ ਕਰ ਰਿਹਾ ਹੈ। ਇੱਥੇ ਕੁਝ ਈਸਾਈ ਮਿਸ਼ਨਰੀ ਚਰਚ ਵਾਂਗ ਮੰਦਰ ਬਣਾਉਂਦੇ ਹਨ, ਜਿਸ ਨੂੰ 'ਪ੍ਰਾਰਥਨਾ ਸਥਲ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਪ੍ਰਾਰਥਨਾ ਸਥਲਾਂ ਵਿਚ ਵੱਡੀ ਗਿਣਤੀ ਪਰਵਾਸੀ (ਦਲਿਤ ਵੀ) ਸ਼ਾਮਲ ਹੋ ਰਹੇ ਹਨ। ਇੱਥੇ ਸ਼ਾਮਲ ਹੋਣ ਵਾਲਿਆਂ ਨੂੰ ਕਰਾਮਾਤਾਂ ਤੇ ਚੰਗੀ ਜ਼ਿੰਦਗੀ ਜਿਊਣ ਦੇ ਨਾਂ 'ਤੇ ਸਬਜ਼ਬਾਗ ਦਿਖਾਏ ਜਾਂਦੇ ਹਨ। ਅਜਿਹਾ ਹੀ ਵਰਤਾਰਾ ਕੁਰਾਲੀ ਤੇ ਮੋਰਿੰਡਾ ਖੇਤਰਾਂ ਵਿਚ ਵੀ ਹੋ ਰਿਹਾ ਹੈ।

ਇਨ੍ਹਾਂ ਪ੍ਰਾਰਥਨਾ ਘਰਾਂ ਨੂੰ 'ਜੇਹੋਵਾਹ ਦਾ ਮੰਦਰ' ਵੀ ਕਿਹਾ ਜਾਂਦਾ ਹੈ ਜਿੱਥੇ ਸ਼ਾਮਲ ਹੋਣ ਵਾਲੇ ਲੋਕ ਇੱਜ਼ਤ ਭਰੀ ਜ਼ਿੰਦਗੀ ਚਾਹੁੰਦੇ ਹਨ। ਮੁੱਖ ਧਾਰਾ ਦੇ ਗਿਰਜਾਘਰਾਂ ਦੇ ਉਲਟ ਅਜਿਹੇ ਚਰਚਾਂ ਦੀ ਮੌਜੂਦਗੀ ਖੇਤਰ ਵਿੱਚ ਜਾਤ ਦੀਆਂ ਡੂੰਘੀਆਂ ਹੋ ਰਹੀਆਂ ਪਰਤਾਂ ਦੇ ਉਲਟ ਲੋਕਾਂ ਨੂੰ ਨਵੇਂ ਦਿਸਦੇ ਭਾਈਚਾਰੇ ਦੀ ਭਾਵਨਾ ਪ੍ਰਦਾਨ ਕਰਦੀ ਹੈ।

ਸਮਾਜਿਕ ਕਾਰਕੁਨ ਦੀਪ ਵਿੱਲੋਂ (ਧਰਮ ਪਰਿਵਰਤਨ ਬਾਰੇ ਖੋਜ ਕਰਨ ਵਾਲੇ) ਨੇ ਦਾਅਵਾ ਕੀਤਾ ਹੈ ਕਿ ਸੁਤੰਤਰ ਚਰਚਾਂ ਦੇ ਆਪੂੰ ਬਣੇ ਪਾਦਰੀ ਪੇਂਡੂ ਤਬਕੇ ਨੂੰ ਆਪਣੇ ਵੱਲ ਖਿੱਚਣ ਲਈ ਸਿੱਖ ਧਰਮ ਨਾਲ ਜੁੜੇ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਲੋਕਾਂ ਨੂੰ ਜੋੜਨ ਲਈ ਸਤਿਸੰਗ, ਲੰਗਰ, ਯਸੂ ਗੁਰਦੁਆਰਾ ਅਤੇ ਜੇਹੋਵਾਹ ਦਾ ਮੰਦਰ ਵਰਗੇ ਸ਼ਬਦ ਵਰਤੇ ਜਾ ਰਹੇ ਹਨ।

ਪੰਜਾਬੀ ਵਿੱਚ ਯਸੂ ਦੀ ਉਸਤਤ ਵਿੱਚ ਟੱਪੇ ਤੋਂ ਲੈ ਕੇ ਗਿੱਧੇ ਅਤੇ ਬੋਲੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਗਰੀਬਾਂ ਨੂੰ ਗੁਮਰਾਹ ਕਰਨ ਲਈ ਵੱਖ-ਵੱਖ ਸ਼੍ਰੇਣੀਆਂ ਦੀਆਂ ਪ੍ਰਾਰਥਨਾਵਾਂ ਲਈ ਖਰਚੇ ਤੈਅ ਕੀਤੇ ਜਾਂਦੇ ਹਨ। ਸੰਗੀਤ ਅਧਿਆਪਕ ਸੰਤੋਸ਼ ਕੁਮਾਰ ਨੇ ਤਿੰਨ ਸਾਲ ਪਹਿਲਾਂ ਈਸਾਈ ਧਰਮ ਸਵੀਕਾਰ ਕੀਤਾ ਸੀ। ਉਸ ਨੇ ਕਿਹਾ, 'ਪਤਾ ਨਹੀਂ ਲੋਕਾਂ ਨੂੰ ਸਾਡੇ ਨਾਲ ਕੀ ਸਮੱਸਿਆ ਹੈ। ਮੈਂ ਕਾਫੀ ਸਮਾਂ ਪਹਿਲਾਂ ਤਣਾਅ ਵਿਚ ਰਹਿੰਦਾ ਸਾਂ ਪਰ ਜਦੋਂ ਤੋਂ ਮੈਂ ਪਵਿੱਤਰ ਬਾਈਬਲ ਦੇ ਪ੍ਰਵਚਨ ਸੁਣਨ ਲੱਗਿਆ ਹਾਂ, ਮੈਨੂੰ ਸ਼ਾਂਤੀ ਮਿਲਣ ਲੱਗੀ ਹੈ। ਇੱਥੋਂ ਦੇ ਪਾਦਰੀ ਨੇ ਮੇਰੇ ਲਈ ਪੈਸਿਆਂ ਦਾ ਪ੍ਰਬੰਧ ਕਰ ਕੇ ਇਕ ਕਮਰੇ ਵਾਲਾ ਘਰ ਉਸਾਰਿਆ। ਮੇਰੇ ਲਈ ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ।'

'ਦਿ ਟ੍ਰਿਬਿਊਨ' ਦੀ ਟੀਮ ਨੇ ਇਸ ਸਬੰਧੀ ਕੁਝ ਪ੍ਰਚਾਰਕਾਂ ਨਾਲ ਗੱਲਬਾਤ ਕਰਨ ਦਾ ਯਤਨ ਕੀਤਾ ਪਰ ਉਨ੍ਹਾਂ ਨੇ ਟਿੱਪਣੀਆਂ ਕਰਨ ਤੋਂ ਇਨਕਾਰ ਕਰ ਦਿੱਤਾ। ਚਰਚ ਐਸੋਸੀਏਸ਼ਨ ਦੇ ਪ੍ਰਧਾਨ ਲਾਰੈਂਸ ਮਲਿਕ ਨੇ ਕਿਹਾ ਕਿ ਚਰਚ ਦੇ ਸੰਵਿਧਾਨ ਅਨੁਸਾਰ ਪਾਦਰੀ, ਬਿਸ਼ਪ ਆਦਿ ਬਣਨ ਲਈ ਨਿਯਮ ਨਿਰਧਾਰਤ ਕੀਤੇ ਗਏ ਹਨ। ਇਨ੍ਹਾਂ ਨੂੰ ਪਾਦਰੀ ਬਣਨ ਤੋਂ ਪਹਿਲਾਂ ਆਪਣੀ ਪੜਚੋਲ ਤੇ ਤਸਦੀਕ ਕਰਨਾ ਚਾਹੀਦਾ ਹੈ। ਰੂਪਨਗਰ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਇਹ ਧਰਮ ਪਰਿਵਰਤਨ ਦਾ ਮਾਮਲਾ ਗੰਭੀਰ ਹੈ।

> **ਪੜ੍ਹੇ-ਲਿਖੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਨਾਉਣ ਵਿੱਚ ੧੨ ਤੋਂ ੧੪ ਸਿੱਖਿਅਤ ਜਣਿਆਂ ਦੀ ਟੀਮ ਨੂੰ ਦੋ ਜਾਂ ਤਿੰਨ ਮਹੀਨੇ ਲੱਗ ਜਾਂਦੇ ਹਨ। ਜਿਹੜੇ ਲੋਕ ਵਿਦੇਸ਼ ਜਾਣ ਲਈ ਕਾਹਲੇ ਹਨ, ਉਹ ਧਰਮ ਪਰਿਵਰਤਨ ਦਾ ਜਲਦੀ ਸ਼ਿਕਾਰ ਬਣ ਜਾਂਦੇ ਹਨ।**

ਚਮਤਕਾਰ ਦੇ ਨਾਂ 'ਤੇ ਲੋਕਾਂ ਨੂੰ ਧੋਖਾ ਦਿੱਤਾ ਜਾ ਰਿਹਾ ਹੈ। ਲੋਕਾਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ 100 ਵਾਲੰਟੀਅਰਾਂ ਦੀ ਟੀਮ ਵਧੀਆ ਨਤੀਜੇ ਦੇ ਰਹੀ ਹੈ।

ਕੁਝ ਪਰਿਵਾਰਾਂ ਨੂੰ ਉਨ੍ਹਾਂ ਦੇ ਮੂਲ ਹਿੰਦੂ ਧਰਮ ਵਿੱਚ ਵਾਪਸ ਲਿਆਉਣ ਵਾਲਿਆਂ 'ਚ ਸ਼ਾਮਲ ਰਹੇ ਢਿੱਲੋਂ ਨੇ ਕਿਹਾ ਕਿ ਇੱਕ ਆਪੂੰ ਬਣੇ ਪਾਦਰੀ ਨੇ ਇੱਕ ਪਰਿਵਾਰ ਦੀਆਂ ਔਰਤਾਂ ਨੂੰ ਆਪਣੇ ਸੋਨੇ ਦੇ ਗਹਿਣੇ ਦੇਣ ਲਈ ਕਿਹਾ ਸੀ ਅਤੇ ਪੁਰਸ਼ਾਂ ਨੂੰ ਜੇਹੋਵਾਹ ਦੇ ਨਾਮ 'ਤੇ ਚੈਰਿਟੀ ਲਈ ਫੰਡ ਦੇਣ ਲਈ ਕਿਹਾ ਸੀ ਪਰ ਉਨ੍ਹਾਂ ਮੁੱਖ ਧਾਰਾ ਦੇ ਚਰਚ ਮਿਸ਼ਨਰੀ ਦੀ ਮਦਦ ਨਾਲ ਆਪੂੰ ਬਣੇ ਪਾਦਰੀ ਨੂੰ ਗਹਿਣੇ ਅਤੇ ਖਾਲੀ ਚੈੱਕ ਵਾਪਸ ਕਰਨ ਲਈ ਕਿਹਾ।

ਚੰਡੀਗੜ੍ਹ ਦੇ ਡੀਏਵੀ ਕਾਲਜ ਦੇ ਪ੍ਰੋ. ਅਜੈ ਸ਼ਰਮਾ ਨੇ ਕਿਹਾ ਕਿ ਇਹ ਆਪੂੰ ਬਣੇ ਪਾਦਰੀ ਗਰੀਬ, ਅਨਪੜ੍ਹ ਤੇ ਬਿਮਾਰ ਮਾਨਸਿਕਤਾ ਨਾਲ ਜੁੜੇ ਲੋਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ। ਪ੍ਰੋ. ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੋ ਵਾਰ (ਜ਼ੀਰਕਪੁਰ ਤੇ ਮੁਹਾਲੀ ਵਿੱਚ) ਧਰਮ ਪਰਿਵਰਤਨ ਦੀ ਮੁੱਢਲੀ ਪ੍ਰਕਿਰਿਆ ਦੇਖੀ ਹੈ। ਇਸ ਮਾਮਲੇ 'ਚ ਮੱਧ ਅਤੇ ਪੜ੍ਹੇ-ਲਿਖੇ ਵਰਗ ਲਈ ਰਣਨੀਤੀ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਨਾਲੋਂ ਵੱਖਰੀ ਹੁੰਦੀ ਹੈ।

ਪੜ੍ਹੇ-ਲਿਖੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਨਾਉਣ ਵਿੱਚ 12 ਤੋਂ 14 ਸਿੱਖਿਅਤ ਜਣਿਆਂ ਦੀ ਟੀਮ ਨੂੰ ਦੋ ਜਾਂ ਤਿੰਨ ਮਹੀਨੇ ਲੱਗ ਜਾਂਦੇ ਹਨ। ਜਿਹੜੇ ਲੋਕ ਵਿਦੇਸ਼ ਜਾਣ ਲਈ ਕਾਹਲੇ ਹਨ, ਉਹ ਧਰਮ ਪਰਿਵਰਤਨ ਦਾ ਜਲਦੀ ਸ਼ਿਕਾਰ ਬਣ ਜਾਂਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਲੰਧਰ ਵਿੱਚ ਇੱਕ ਪ੍ਰਮੁੱਖ ਪੈਂਟੇਕੋਸਟਲ ਚਰਚ ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਸੈਮੀਨਾਰ ਵੀ ਕਰਵਾਉਂਦਾ ਹੈ।

**ਮਾਮਲਾ ਮੇਰੇ ਵਿਚਾਰ ਅਧੀਨ: ਡਾ. ਨਿੱਝਰ**

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ, 'ਧੋਖੇ ਨਾਲ ਵਿਸ਼ਵਾਸ ਨੂੰ ਬਦਲਣਾ ਅਤੇ ਲੋਕਾਂ ਦਾ ਚਮਤਕਾਰਾਂ ਵਿੱਚ ਗਲਤ ਵਿਸ਼ਵਾਸ ਪੈਦਾ ਕਰਨਾ ਚਿੰਤਾ ਦਾ ਵਿਸ਼ਾ ਹੈ। ਇਸ ਮੁੱਦੇ 'ਤੇ ਕੁਝ ਜਣਿਆਂ ਨੇ ਮੇਰੇ ਨਾਲ ਸੰਪਰਕ ਕੀਤਾ ਸੀ ਤੇ ਮੈਂ ਇਹ ਮਾਮਲਾ ਵਿਚਾਰ ਰਿਹਾ ਹਾਂ।'

# ਬਿਹਾਰੀ ਕੁੜੀ ਦੀ ਪੁਕਾਰ



**ਗੀਤਾ ਕਸ਼ਿਅਪ**

ਗੀਤਾ ਕਸ਼ਿਅਪਦਸਤਾਵੇਜ਼ੀ ਫਿਲਮ 'ਵਾਰਿਸ' ਪੰਜਾਬੀਆਂ ਨੂੰ ਪੁੱਛਦੀ ਹੈ: 'ਤੁਹਾਡੀ ਮਾਂ ਬੋਲੀ ਦਾ ਅਸਲੀ ਵਾਰਿਸ ਕੌਣ ਹੈ?' ਮੈਂ ਬਿਹਾਰੀ ਮੂਲ ਦੀ ਹਾਂ ਅਤੇ ਚੰਗੀ ਤਰ੍ਹਾਂ ਪੰਜਾਬੀ ਬੋਲ ਅਤੇ ਪੜ੍ਹ-ਲਿਖ ਸਕਦੀ ਹਾਂ। ਇਕ ਦਿਨ ਪੰਜਾਬੀ ਸਾਹਿਤਕਾਰ ਅਮਰਜੀਤ ਚੰਦਨ ਨੇ ਮੈਨੂੰ ਪੁੱਛਿਆ, ''ਅੱਜਕੱਲ੍ਹ ਕੀ ਕਰਦੀ ਏਂ? ਪੀਐੱਚ.ਡੀ. ਹੋ ਗਈ ਜਾਂ ਹਾਲੇ ਨਹੀਂ?'' ਮੇਰੀ ਪੰਜਾਬੀ ਹਾਲੇ ਵੀ ਕਾਫ਼ੀ ਠੀਕ ਹੈ ਜਦੋਂਕਿ ਮੈਨੂੰ ਪੰਜਾਬ ਛੱਡਿਆਂ ਤਿੰਨ ਸਾਲ ਹੋ ਗਏ ਹਨ। ਮੈਂ ਇਮਾਨਦਾਰੀ ਨਾਲ ਇਕ ਗੱਲ ਦੱਸ ਦੇਵਾਂ ਕਿ ਮੈਂ ਅੱਜ ਵੀ ਆਪਣੇ ਭੈਣਾਂ-ਭਰਾਵਾਂ ਨਾਲ ਪੰਜਾਬੀ 'ਚ ਗੱਲ ਕਰਦੀ ਹਾਂ।

ਚੰਦਨ ਹੋਰਾਂ ਨੇ ਪੁੱਛਿਆ, ''ਪੰਜਾਬੀ ਤਾਂ ਠੀਕ ਹੈ, ਫੇਰ ਤੇਰੀ ਮਾਂ ਬੋਲੀ ਭੋਜਪੁਰੀ ਦਾ ਕੀ ਹੋਇਆ?'' ਮੈਂ ਕਿਹਾ, ''ਮੇਰੀ ਭੋਜਪੁਰੀ ਵੀ ਵਧੀਆ ਹੈ, ਜਿਸ ਲਈ ਮੈਂ ਆਪਣੇ ਪਿਤਾ ਜੀ ਦੀ ਧੰਨਵਾਦੀ ਹਾਂ। ਉਨ੍ਹਾਂ ਮੈਨੂੰ ਤੇ ਮੇਰੇ ਭੈਣਾਂ-ਭਰਾਵਾਂ ਨੂੰ ਭੋਜਪੁਰੀ ਬੋਲਣੀ ਸਿਖਾਈ, ਹਮੇਸ਼ਾ ਭੋਜਪੁਰੀ ਬੋਲਣ 'ਤੇ ਜ਼ੋਰ ਪਾਇਆ।''

ਮੈਂ ਕਿਸੇ ਜਨਤਕ ਥਾਂ 'ਤੇ ਵੀ ਪੰਜਾਬੀ ਜਾਂ ਭੋਜਪੁਰੀ ਬੋਲਣ 'ਚ ਸੰਗਦੀ ਨਹੀਂ। ਭੋਜਪੁਰੀ ਮੇਰੀ ਪਹਿਲੀ ਮਾਂ ਬੋਲੀ ਹੈ ਤੇ ਪੰਜਾਬੀ ਦੂਜੀ ਬੋਲੀ। ਮੇਰੇ ਇਹ ਲੇਖ ਲਿਖਣ ਦਾ ਇੱਕੋ ਮੰਤਵ ਹੈ ਕਿ ਮਾਂ ਬੋਲੀ ਦੀ ਗੱਲ ਹੁੰਦੀ ਰਹੇ। ਹਰ ਕੋਈ ਇਹ ਸੋਚੇ ਕਿ ਉਹਦੀ ਮਾਂ ਬੋਲੀ ਕੀ ਹੈ ਤੇ ਉਹਦੀ ਰੋਜ਼ਾਨਾ ਜ਼ਿੰਦਗੀ 'ਚ ਮਾਂ ਬੋਲੀ ਦੀ ਕਿੰਨੀ ਕੁ ਥਾਂ ਹੈ। ਮੇਰੇ ਦੋਸਤਾਂ ਅਤੇ ਕਈ ਹੋਰ ਲੋਕਾਂ ਦੇ ਉਪਰਾਲੇ ਬਾਰੇ ਤੁਸੀਂ ਕਿੰਨੇ ਕੁ ਜਾਗਰੂਕ ਹੋ। ਇਸ ਬਾਰੇ ਤੁਹਾਨੂੰ ਸੋਚਣ ਦੀ ਲੋੜ ਹੈ।

ਪੰਜਾਬ 'ਚ ਪਰਵਾਸੀ ਮਜ਼ਦੂਰ ਕਾਫ਼ੀ ਗਿਣਤੀ ਵਿਚ ਹਨ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ 'ਚ ਪੜ੍ਹਦੇ ਨੇ ਤੇ ਪੰਜਾਬੀ ਉਨ੍ਹਾਂ ਦੀ ਪੜ੍ਹਾਈ-ਲਿਖਾਈ ਦਾ ਹਿੱਸਾ ਹੈ। ਉਹ ਪੰਜਾਬੀ ਵਧੀਆ ਸਿੱਖ ਤੇ ਬੋਲ ਰਹੇ ਨੇ। ਮੇਰੇ ਦੋਸਤਾਂ ਨੇ ਇਸੇ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬੀ ਲੋਕ ਪੰਜਾਬੀ ਨਹੀਂ ਬੋਲ ਰਹੇ ਕਿਉਂਕਿ ਉਹ ਕਾਨਵੈਂਟ ਸਕੂਲਾਂ 'ਚ ਜਾ ਰਹੇ ਨੇ ਜਿੱਥੇ ਅੰਗਰੇਜ਼ੀ ਜਾਂ ਹਿੰਦੀ ਹੀ ਬੋਲਣ ਦਾ ਨਿਯਮ ਹੈ। ਮੈਂ ਯੂਨੀਵਰਸਿਟੀਆਂ 'ਚ ਪੜ੍ਹਾਉਂਦਿਆਂ ਮਹਿਸੂਸ ਕੀਤਾ, ਰੁਜ਼ਗਾਰ ਕਿਵੇਂ ਪੀੜ੍ਹੀ ਨੂੰ ਬਦਲ ਰਿਹਾ ਹੈ। ਮੈਨੂੰ ਬਹੁਤ ਅਜੀਬ ਲੱਗਦਾ ਹੈ, ਜਦੋਂ ਕੋਈ ਪੱਗ ਬੰਨ੍ਹੀ ਬੰਦਾ ਪੰਜਾਬ ਦਾ ਹੋ ਕੇ ਪੰਜਾਬ 'ਚ ਰਹਿੰਦਿਆਂ ਹਿੰਦੀ 'ਚ ਗੱਲ ਕਰਦਾ ਹੈ। ਮੈਂ ਕਈ ਵਾਰੀ ਕਹਿ ਦਿੰਦੀ ਹਾਂ, ''ਮੈਨੂੰ ਪੰਜਾਬੀ ਆਉਂਦੀ ਆ ਤੇ ਤੁਸੀਂ ਪੰਜਾਬੀ 'ਚ ਹੀ ਗੱਲ ਕਰੋ। ਪਰ ਉਨ੍ਹਾਂ ਦੇ ਦੋਸਤ ਤੇ ਹੋਰ ਫੁਕਰਾਪਣ ਉਨ੍ਹਾਂ ਨੂੰ ਪੰਜਾਬੀ ਬੋਲਣੋਂ ਰੋਕਦਾ ਹੈ।'' ਮੈਂ ਇਹ ਗੱਲ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਮੈਨੂੰ ਹਿੰਦੀ ਤੋਂ ਓਦੋਂ ਤਕ ਕੋਈ ਸਮੱਸਿਆ ਨਹੀਂ ਹੈ, ਜਦੋਂ ਤਕ ਇਹ ਕਿਸੇ ਵੀ ਮਾਂ ਬੋਲੀ ਲਈ ਖ਼ਤਰਾ ਨਾ ਬਣੇ ਤੇ ਕੋਈ ਵੀ ਸਰਕਾਰ ਇਹਨੂੰ ਮਾਂ ਬੋਲੀ ਤੋਂ ਉਪਰ ਨਾ ਰੱਖੇ। ਇਸ ਪੀੜ੍ਹੀ ਨੂੰ ਮੈਂ ਪੁੱਛਣਾ ਚਾਹੁੰਦੀ ਹਾਂ: ਤੁਹਾਨੂੰ ਪੰਜਾਬੀ ਬੋਲਣ 'ਚ ਸੰਗ ਕਿਉਂ ਆਉਂਦੀ ਹੈ? ਤੁਸੀਂ ਹਿੰਦੀ ਬੋਲ ਕੇ ਸੋਚਦੇ ਹੋ- ਸਾਡੀ ਵੱਖਰੀ 'ਕਲਾਸ' ਹੋ ਗਈ ਹੈ ਤੇ ਹੁਣ ਅਸੀਂ ਪੇਂਡੂ ਨਹੀਂ ਰਹੇ। ਜੇ ਅਜਿਹੀ ਗੱਲ ਨਹੀਂ ਤਾਂ ਕੀ ਤੁਸੀਂ ਪੰਜਾਬੀ ਛੱਡ ਕੇ ਅੰਗਰੇਜ਼ੀ ਜਾਂ ਹਿੰਦੀ ਬੋਲਣ ਦਾ ਕੋਈ ਹੋਰ ਕਾਰਨ ਦੱਸ ਸਕਦੇ ਹੋ?

ਇੱਕੀ ਫਰਵਰੀ ਨੂੰ ਭਾਸ਼ਾਈ ਤੇ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਬਹੁ-ਭਾਸ਼ਾਈਵਾਦ ਨੂੰ ਉਤਸ਼ਾਹ ਦੇਣ ਲਈ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਜਾਂਦਾ ਹੈ। ਮੈਂ ਤੁਹਾਨੂੰ ਫਿਰ ਪੁੱਛਣਾ ਚਾਹੁੰਦੀ ਹਾਂ ਕਿ ਤੁਸੀਂ ਆਪਣੀ ਮਾਂ ਬੋਲੀ ਬਚਾਉਣ ਲਈ ਕੀ ਕਰ ਰਹੇ ਹੋ? ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਸਿੱਖਣਾ ਆਰਥਿਕ ਫ਼ਾਇਦਾ ਦੇ ਸਕਦਾ ਹੈ, ਪਰ ਉਸ ਵਿਚ ਮਾਣ ਕਰਨ ਜਿਹਾ ਕੁਝ ਵੀ ਨਹੀਂ। ਮਾਣ ਸਿਰਫ਼ ਆਪਣੀ ਮਾਤ ਭਾਸ਼ਾ ਬੋਲਣ ਵਿਚ ਹੀ ਹੁੰਦਾ ਹੈ। ਤੁਸੀਂ ਦੁਨੀਆ ਦੇ ਕਿਸੇ ਵੀ ਕੋਨੇ ਤੇ ਖ਼ਾਸਕਰ ਪੰਜਾਬ ਦੇ ਕਿਸੇ ਵੀ ਕੋਨੇ 'ਚ ਹੋ ਤਾਂ ਪੰਜਾਬੀ ਬੋਲੋ ਤੇ ਮਾਣ ਮਹਿਸੂਸ ਕਰੋ।

ਤੁਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕਿਹੜੀ ਭਾਸ਼ਾ ਸਿਖਾਓਗੇ? ਹਿੰਦੀ ਜਾਂ ਅੰਗਰੇਜ਼ੀ ਤਾਂ ਉਨ੍ਹਾਂ ਨੂੰ ਸਕੂਲ, ਕਾਲਜ ਵਾਲੇ ਵੀ ਸਿਖਾ ਦੇਣਗੇ; ਪਰ ਤੁਸੀਂ ਉਨ੍ਹਾਂ ਦੇ ਮਾਂ ਬਾਪ ਬਣ ਕੇ ਕੀ ਸਿਖਾਓਗੇ। ਦਸਤਾਵੇਜ਼ੀ 'ਵਾਰਿਸ' ਕਹਿੰਦੀ ਹੈ ਕਿ ਪੰਜਾਬੀ ਦੇ ਵਾਰਿਸ ਹੁਣ ਪਰਵਾਸੀ ਮਜ਼ਦੂਰ ਜਾਂ ਉਨ੍ਹਾਂ ਦੇ ਬੱਚੇ ਹੋਣਗੇ; ਪੰਜਾਬੀਆਂ ਦੇ ਬੱਚੇ ਨਹੀਂ। ਪਰਵਾਸੀਆਂ ਲਈ ਪੰਜਾਬੀ ਸਿੱਖਣਾ ਆਰਥਿਕ ਮਜਬੂਰੀ ਹੈ ਕਿਉਂਕਿ ਇਹ ਭਾਸ਼ਾ ਉਨ੍ਹਾਂ ਨੂੰ ਰੁਜ਼ਗਾਰ ਦਿਵਾਉਣ 'ਚ ਮਦਦ ਕਰੇਗੀ ਤੇ ਉਨ੍ਹਾਂ ਲਈ ਬੋਲਚਾਲ ਸੌਖੀ ਹੋ ਜਾਵੇਗੀ। ਠੀਕ ਉਸੇ ਤਰ੍ਹਾਂ ਜਿਵੇਂ ਤੁਸੀਂ ਬੇਗਾਨੇ ਦੇਸ਼ ਜਾ ਕੇ ਉੱਥੋਂ ਦੀ ਭਾਸ਼ਾ ਸਿੱਖਦੇ ਹੋ ਤਾਂ ਕਿ ਤੁਹਾਡਾ ਸੰਵਾਦ ਸੁਖਾਲਾ ਹੋ ਜਾਵੇ।

ਜੇ ਉਨ੍ਹਾਂ ਨੂੰ ਪੁੱਛੋਗੇ: ਕੀ ਉਹ ਪੰਜਾਬੀ ਬੋਲਣ 'ਚ ਮਾਣ ਮਹਿਸੂਸ ਕਰਦੇ ਨੇ ਤਾਂ ਸ਼ਾਇਦ ਉਨ੍ਹਾਂ ਦਾ ਜਵਾਬ ਜਾਂ ਤਾਂ ਨਾਂਹ ਹੋਵੇਗਾ ਜਾਂ ਫੇਰ ਕੋਈ ਜਵਾਬ ਹੀ ਨਹੀਂ ਹੋਣਾ। ਜੇ ਇਹੋ ਸਵਾਲ ਪੰਜਾਬੀਆਂ ਨੂੰ ਪੁੱਛਿਆ ਜਾਵੇ ਤਾਂ ਉਹ ਮਾਣ ਨਾਲ ਹਾਂ ਕਹਿ ਸਕਦੇ ਹਨ। ਜਿਵੇਂ ਮੈਨੂੰ ਭੋਜਪੁਰੀ ਬੋਲਣ 'ਚ ਮਾਣ ਮਹਿਸੂਸ ਹੁੰਦਾ ਹੈ ਕਿਉਂਕਿ ਉਹ ਮੇਰੀ ਪਛਾਣ ਦਾ ਹਿੱਸਾ ਹੈ। ਤੁਹਾਡੀ ਪਛਾਣ ਬਾਰੇ ਤੁਹਾਨੂੰ ਜ਼ਿਆਦਾ ਪਤਾ ਹੋਵੇਗਾ। ਮੈਂ ਹੁਣ ਬੰਗਲੌਰ ਰਹਿੰਦੀ ਤੇ ਨੌਕਰੀ ਕਰਦੀ ਹਾਂ। ਇਹ ਸ਼ਹਿਰ ਮਹਾਂਨਗਰ ਹੈ। ਇੱਥੇ ਤਮਿਲ, ਤੇਲਗੂ, ਮਲਿਆਲੀ ਤੇ ਕਾਫ਼ੀ ਸਾਰੇ ਉੱਤਰ ਭਾਰਤੀ ਵੀ ਰਹਿੰਦੇ ਨੇ। ਇੱਥੇ ਅੰਗਰੇਜ਼ੀ ਬੋਲਚਾਲ ਦੀ ਭਾਸ਼ਾ ਹੈ। ਮੈਂ ਵੇਖਿਆ ਹੈ ਕਿ ਲੋਕ ਆਪਣੀ ਮਾਂ ਬੋਲੀ ਪ੍ਰਤੀ ਕਾਫ਼ੀ ਸਚੇਤ ਹਨ।

ਆਪਣੇ 'ਦੇਸ' ਦਾ ਬੰਦਾ ਮਿਲਣ 'ਤੇ ਆਪਣੀ ਮਾਤ ਭਾਸ਼ਾ ਵਿਚ ਹੀ ਗੱਲ ਕਰਦੇ ਹਨ। ਜੇ ਤੁਸੀਂ ਪੰਜਾਬੀ ਨਹੀਂ ਬੋਲੋਗੇ ਤੇ ਪੜ੍ਹੋਗੇ ਤਾਂ ਤੁਸੀਂ ਆਪਣੇ ਸਾਹਿਤ ਤੇ ਗੁਰਬਾਣੀ ਤੋਂ ਬਹੁਤ ਦੂਰ ਹੋ ਜਾਵੋਗੇ ਤੇ ਇਸ ਤਰ੍ਹਾਂ ਦੀ ਹਨੇਰੀ ਗੁਫ਼ਾ 'ਚ ਧੱਕੇ ਜਾਓਗੇ ਜਿਹਦਾ ਕੋਈ ਸਿਰਾ ਨਹੀਂ ਲੱਭਣਾ।



# ਪੰਜ ਸਾਲਾਂ ਅੰਦਰ ਗੁਰਦਾਸਪੁਰ ਵਿੱਚ ਇਸਾਈ ਧਰਮ ਨੇ ਪਸਾਰੇ ਦੁੱਗਣੇ ਪੈਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਵੀਜ਼ੇ ਲੱਗਣ ਤੇ ਵਿਗੜੇ ਕੰਮ ਬਣਨ ਦੇ ਦਿੱਤੇ ਜਾਂਦੇ ਨੇ ਭਰੋਸੇ; ਸਰਹੱਦੀ ਪਿੰਡਾਂ ਵਿੱਚ ਵੀ ਬਣਨ ਲੱਗੇ ਚਰਚ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ ਪਿਛਲੇ ਪੰਜ ਸਾਲਾਂ ਦੌਰਾਨ ਈਸਾਈ ਭਾਈਚਾਰੇ ਦੀ ਗਿਣਤੀ ’ਚ ਚਾਰ ਲੱਖ ਦਾ ਵਾਧਾ ਹੋਇਆ ਹੈ। ਇਸ ਦਾ ਵੱਡਾ ਕਾਰਨ ਲੋਕਾਂ ਨੂੰ ਚਰਚਾਂ ਤੋਂ ਬਿਮਾਰੀਆਂ ਤੋਂ ਛੇਤੀ ਆਰਾਮ ਤੇ ਵਿਗੜੇ ਕੰਮ ਬਣਨ ਦਾ ਭਰੋਸਾ ਮਿਲਣਾ ਹੈ।

ਹੁਣ ਤਾਂ ਕੌਮਾਂਤਰੀ ਸਰਹੱਦ ਨੇੜਲੇ ਪਿੰਡਾਂ ਵਿੱਚ ਵੀ ਚਰਚਾਂ ਦੀ ਗਿਣਤੀ ਵਧ ਗਈ ਹੈ। ਪੜ੍ਹੇ-ਲਿਖੇ ਤੇ ਅੰਗਰੇਜ਼ੀ ਬੋਲਣ ਵਾਲੇ ਪਾਦਰੀਆਂ ਦੀ ਇੱਕ ਨਵੀਂ ਪਨੀਰੀ ਸਾਹਮਣੇ ਆਈ ਹੈ, ਜੋ ਲੋਕਾਂ ਨੂੰ ਹਰ ਬਿਮਾਰੀ ਤੋਂ ਤੁਰੰਤ ਛੁਟਕਾਰਾ ਦਿਵਾਉਣ ਦਾ ਭਰੋਸਾ ਦਿੰਦੇ ਹਨ।

ਜ਼ਿਲ੍ਹੇ ਵਿੱਚ ਧਾਰੀਵਾਲ, ਡੇਰਾ ਬਾਬਾ ਨਾਨਕ, ਫ਼ਤਹਿਗੜ੍ਹ ਚੂੜੀਆਂ, ਗੁਰਦਾਸਪੁਰ ਸ਼ਹਿਰ, ਬਟਾਲਾ ਅਤੇ ਸ੍ਰੀ ਹਰਗੋਬਿੰਦਪੁਰ ਵਿੱਚ ਈਸਾਈ ਧਰਮ ਨੂੰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ। ਹਾਲ ਹੀ ਵਿੱਚ ਲਗਪਗ 120 ਚਰਚ ਹੋਂਦ ’ਚ ਆਏ ਹਨ, ਜਿਨ੍ਹਾਂ ਵਿੱਚ ਲਗਪਗ ਹਰ ਐਤਵਾਰ ਪ੍ਰਾਰਥਨਾ ਸਭਾਵਾਂ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਸਭਾਵਾਂ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਵੱਡੀ ਗਿਣਤੀ ਸਮਾਜਿਕ ਵਿਤਕਰੇ ਦੇ ਸ਼ਿਕਾਰ ਹੋਏ ਲੋਕਾਂ ਦੀ ਹੁੰਦੀ ਹੈ।

ਇਨ੍ਹਾਂ ਸਭਾਵਾਂ ਦੌਰਾਨ ਕਈ ਤਰ੍ਹਾਂ ਦੀਆਂ ਕਰਾਮਾਤਾਂ ਵੀ ਦਿਖਾਈਆਂ ਜਾਂਦੀਆਂ ਹਨ। ਇਨ੍ਹਾਂ ਚਰਚਾਂ ਵਿੱਚ ਦਾਖਲ ਹੋਣ ਵਾਲਾ ਹਰ ਸ਼ਖ਼ਸ ਇਹੋ ਮੰਨਦਾ ਹੈ ਕਿ ਈਸਾਈ ਧਰਮ ਸਭ ਤੋਂ ਉੱਤਮ ਹੈ, ਜੋ ਉਨ੍ਹਾਂ ਦੀ ਹਰ ਬਿਮਾਰੀ ਤੇ ਦੁੱਖ ਦੂਰ ਕਰ ਸਕਦਾ ਹੈ।

ਗੁਰਦਾਸਪੁਰ ਤੋਂ ਸ਼੍ਰੋਮਣੀ ਕਮੇਟੀ ਦੇ ਇੱਕ ਮੈਂਬਰ ਨੇ ਕਿਹਾ, ‘ਈਸਾਈ ਧਰਮ ਦੇ ਆਗੂਆਂ ਵੱਲੋਂ ਅਨਪੜ੍ਹ ਲੋਕਾਂ ਨੂੰ ਭਰਮਾਉਣ ਲਈ ਧਾਰਮਿਕ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਇੱਥੋਂ ਤੱਕ ਕਿ ਉਨ੍ਹਾਂ ਵੱਲੋਂ ‘ਸ਼੍ਰੋਮਣੀ ਚਰਚ ਪ੍ਰਬੰਧਕ

# ਪਾਵਨ ਸਰੂਪ ਲਾਪਤਾ ਨਹੀਂ ਹੋਏ, ਪਰ ਭੇਟਾ ਦੀ ਹੇਰਾਫੇਰੀ ਹੋਈ: ਧਾਮੀ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੜ ਦਾਅਵਾ ਕੀਤਾ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਜਿਨ੍ਹਾਂ 328 ਪਾਵਨ ਸਰੂਪਾਂ ਦੇ ਲਾਪਤਾ ਹੋਣ ਦੀ ਗੱਲ ਕਹੀ ਜਾ ਰਹੀ ਹੈ, ਉਹ ਅਸਲ ਵਿੱਚ ਲਾਪਤਾ ਨਹੀਂ ਹੋਏ ਹਨ ਤੇ ਨਾ ਹੀ ਕੋਈ ਬੇਅਦਬੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਮਾਮਲਾ ਭੇਟਾ ਦੇ ਘਪਲੇ ਨਾਲ ਸਬੰਧਤ ਹੈ।

ਜ਼ਿਕਰਯੋਗ ਹੈ ਕਿ ਇਸ ਮਾਮਲੇ ’ਚ ਹੁਣ ਤੱਕ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਾਫ਼ੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦਾਅਵਾ ਕੀਤਾ ਹੈ ਕਿ ਇਹ ਸਰੂਪ ਨਾ ਲਾਪਤਾ ਹੋਏ ਹਨ ਤੇ ਨਾ ਹੀ ਬੇਅਦਬੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਉਸ ਵੇਲੇ ਦੇ ਜ਼ਿੰਮੇਵਾਰ ਅਮਲੇ ਵੱਲੋਂ ਇਹ ਸਰੂਪ ਸੰਗਤ ਨੂੰ ਦਿੱਤੇ ਗਏ, ਪਰ ਇਨ੍ਹਾਂ ਦੀ ਭੇਟਾ ਦਰਜ ਨਹੀਂ ਕੀਤੀ ਗਈ ਤੇ ਇਹ ਭੇਟਾ ਉਨ੍ਹਾਂ ਦੀ ਜੇਬ ਵਿੱਚ ਚਲੀ ਗਈ।

# ਮਾਸਟਰ ਸ਼ੈੱਫ ਆਫ਼ ਇੰਡੀਆ ਦੇ ਟਾਪ ਟੈਨ 'ਚ ਪੁੱਜੀ ਕਮਲਦੀਪ ਕੌਰ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਇਕ ਨਿੱਜੀ ਟੀ.ਵੀ ਚੈਨਲ ਵਲੋਂ ਕਰਵਾਏ ਜਾ ਰਹੇ ਪ੍ਰੋਗਰਾਮ ਮਾਸਟਰ ਸ਼ੈਫ ਆਫ਼ ਇੰਡੀਆ ਦੇ ਟਾਪ ਟੈਨ ਵਿਚ ਲੁਧਿਆਣਾ ਦੀ ਕਮਲਦੀਪ ਕੌਰ ਪੁੱਜ ਗਈ ਹੈ। ਕਮਲਦੀਪ ਕੌਰ ਉਤਰੀ ਖ਼ਿੱਤੇ ਦੀ ਪ੍ਰਤੀਨਿਧਤਾ ਕਰ ਰਹੀ ਹੈ। ਕਮਲਦੀਪ ਕੌਰ ਉਕਤ ਪ੍ਰੋਗਰਾਮ ਵਿਚ ਵੱਖ- ਵੱਖ ਮੁਕਾਬਲਿਆਂ ਵਿਚ ਗੁਜ਼ਰਦਿਆਂ ਹੋਇਆ ਟਾਪ ਟੈਨ ਵਿਚ ਪੁੱਜ ਗਈ ਹੈ।

ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ, ਕੌਂਸਲਰ ਹਰਭਜਨ ਸਿੰਘ ਡੰਗ, ਯੂਨਾਈਟਿਡ ਸਿੱਖਜ ਦੇ ਡਾਇਰੈਕਟਰ ਅੰਮ੍ਰਿਪਾਲ ਸਿੰਘ ਨੇ ਕਮਲਦੀਪ ਦੀ ਪ੍ਰਾਪਤੀ ਨੂੰ ਸਿਰਫ਼ ਲੁਧਿਆਣਾ ਹੀ ਨਹੀਂ, ਬਲਕਿ ਪੰਜਾਬ ਲਈ ਵੀ ਮਹਾਨ ਪ੍ਰਾਪਤੀ ਦੱਸਿਆ।

# ਵਿਦੇਸ਼ੀ ਸੰਗਤ ਲਈ ਸਹਾਇਤਾ ਕੇਂਦਰ ਦਰਬਾਰ ਸਾਹਿਬ ਸਮੂਹ ’ਚ ਸਥਾਪਤ

**ਸਿੰਘ ਸਭਾ ਪੱਤ੍ਰਿਕਾ ਬਿਉਰੋ**

ਵਿਦੇਸ਼ਾਂ ਤੋਂ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਸਹਾਇਤਾ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ ਵਾਲੇ ਪਾਸੇ ਬਣਾਇਆ ਗਿਆ ਹੈ। ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਕਿਹਾ ਕਿ ਸੰਗਤ ਦੀ ਸਹੂਲਤ ਲਈ ਭਾਵੇਂ ਪਹਿਲਾਂ ਹੀ ਸੂਚਨਾ ਕੇਂਦਰ ਸਥਾਪਤ ਹੈ, ਜਿੱਥੇ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਬਾਰੇ ਵੱਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਪਰ ਹੋਰਨਾਂ ਦੇਸ਼ਾਂ ਦੀ ਸੰਗਤ ਨੂੰ ਭਾਸ਼ਾ ਦੀ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਉਨ੍ਹਾਂ ਜਾਣਕਾਰੀ ਦੇਣ ਲਈ ਵਿਸ਼ੇਸ਼ ਸਹਾਇਤਾ ਕੇਂਦਰ ਖੋਲ੍ਹਿਆ ਗਿਆ ਹੈ।

## ਸੁਰਖੀਆਂ...

**ਸ਼੍ਰੋਮਣੀ ਕਮੇਟੀ ਵਫ਼ਦ ਵੱਲੋਂ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦੀ ਬੇਗਮ ਮੁਨੱਵਰ-ਉਨ-ਨਿਸਾ ਨਾਲ ਮੁਲਾਕਾਤ ਕਰ ਸਨਮਾਨਿਤ ਕਰਨ ਦੀ ਤਜਵੀਜ**

**ਸ਼੍ਰੋਮਣੀ ਕਮੇਟੀ ਵੱਲੋਂ ੧੯੮੬ ਦੇ ਨਕੋਦਰ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ**

**ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਕੌਮਾਂਤਰੀ ਯਾਤਰੀਆਂ ਦੀ ਗਿਣਤੀ ਵਿਚ 111 ਫੀਸਦੀ ਦਾ ਵੱਡਾ ਵਾਧਾ**

**ਡੇਰਾ ਮੁਖੀ ਦੀ ਪੈਰੋਲ ਖ਼ਿਲਾਫ਼ ਸ਼੍ਰੋਮਣੀ ਕਮੇਟੀ ਦੀ ਪਟੀਸ਼ਨ 'ਤੇ ਹਾਈਕੋਰਟ ਨੇ ਹਰਿਆਣਾ ਸਰਕਾਰ ਤੋਂ ਮੰਗਿਆ ਜਵਾਬ**

**ਪੰਜਾਬ ਦੇ ਸਕੂਲਾਂ ਵਿੱਚ ਨਰਸਰੀ ਜਮਾਤ ਤੋਂ ਪੰਜਾਬੀ ਦੀ ਪੜ੍ਹਾਈ ਹੋਵੇਗੀ ਲਾਜ਼ਮੀ**

**ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਦੂਜੇ ਕੌਮੀ ਦਸਤਾਰਬੰਦੀ ਸਮਾਗਮ 'ਚ 5000 ਤੋਂ ਵੱਧ ਬੱਚਿਆਂ ਨੇ ਸਜਾਈਆਂ ਦਸਤਾਰਾਂ**

**ਸ਼੍ਰੋਮਣੀ ਕਮੇਟੀ ਆਲ ਇੰਡੀਆ ਗੁਰਦੁਆਰਾ ਐਕਟ ਦਾ ਮਤਾ ਭਾਰਤ ਸਰਕਾਰ ਨੂੰ ਦੇਣਾ ਚਾਹੀਦਾ-ਜਥੇਦਾਰ**

# ਅਣਖ ਅਤੇ ਸ਼ਸਤਰ ਅਭਿਆਸ ਦਾ ਪ੍ਰਤੀਕ ਹੋਲਾ ਮਹੱਲਾ

**ਗਿਆਨੀ ਅਵਤਾਰ ਸਿੰਘ**

ਧਾਰਮਿਕ ਪਰੰਪਰਾਵਾਂ ਦਾ ਆਧਾਰ 'ਧਰਮ' ਹੁੰਦਾ ਹੈ, ਜਿਸ ਨੂੰ ਕੌਮੀ ਸਿਧਾਂਤ ਵੀ ਕਹਿ ਸਕਦੇ ਹਾਂ। ਗੁਰਮਤਿ ਅਨੁਸਾਰ ਧਰਮੀ ਵਿਅਕਤੀ ਉਹ ਹੈ ਜੋ ਸਮਾਜਕ ਯਾਤਰਾ ਕਰਦਿਆਂ ਦੂਸਰਿਆਂ ਲਈ ਮਿਸਾਲ ਬਣ ਜਾਏ, ਇਸ ਲਈ ਰੌਸ਼ਨ ਦਿਮਾਗ਼ ਤੇ ਅੰਦਰੂਨੀ ਸ਼ਕਤੀ ਚਾਹੀਦੀ ਹੈ, ਪਰ ਮਿਲੇਗੀ ਤਾਂ ਜੇ ਬੰਦਾ ਆਪਣੇ ਵਜੂਦ ਨੂੰ ਸਮਝੇ, ਜੀਵਨ ਮੰਥਨ ਕਰੇ, ਕਥਨੀ-ਕਰਨੀ ਇੱਕ ਸਮਾਨ ਹੋਵੇ। ਉੱਚਾ-ਸੁੱਚਾ ਕਿਰਦਾਰ ਹੀ ਆਦਰਸ਼ਮਈ ਜੀਵਨ ਬਣਦਾ ਹੈ।

ਕੁਦਰਤ; ਆਪਾ-ਵਿਰੋਧੀ ਤੱਤਾਂ ਦਾ ਸੰਗ੍ਰਹਿ ਹੈ। ਅੱਗ; ਲੱਕੜ ਨੂੰ ਨਹੀਂ ਸਾੜਦੀ ਭਾਵੇਂ ਕਿ ਲੱਕੜ ਅੰਦਰ ਹੀ ਹੈ। ਪਾਣੀ; ਮਿੱਟੀ ਨੂੰ ਆਪਣੇ 'ਚ ਘੋਲ਼ ਕੇ ਖ਼ਤਮ ਨਹੀਂ ਕਰਦਾ ਭਾਵੇਂ ਕਿ ਧਰਤੀ 'ਤੇ ਤਿੰਨ ਚੌਥਾਈ ਪਾਣੀ ਹੈ। ਗੁਰਬਾਣੀ ਨੇ ਇਸ ਸਚਾਈ ਨੂੰ ਇਉਂ ਉਜਾਗਰ ਕੀਤਾ, ''ਈਧਨ ਤੇ ਬੈਸੰਤਰੁ ਭਾਗੈ ॥ ਮਾਟੀ ਕਉ ਜਲੁ ਦਹ ਦਿਸ ਤਿਆਗੈ ॥'' (ਮਹਲਾ 5) ਅੱਗ ਤੇ ਲੱਕੜ ਵਾਙ ਜਾਂ ਪਾਣੀ ਤੇ ਮਿੱਟੀ ਵਾਙ ਵਿਕਾਰ ਤੇ ਸਦਗੁਣ ਜਾਂ ਮਨਮੁਖ ਤੇ ਗੁਰਮੁਖ ਵੀ ਇੱਕੋ ਕੁਦਰਤ ਦਾ ਭਾਗ ਹੋਣ ਦੇ ਬਾਵਜੂਦ ਸੰਘਰਸ਼ ਕਰਦੇ ਹਨ। ਇਸ ਸੰਘਰਸ਼ 'ਚ ਗੁਰਮੁਖ ਮੰਜ਼ਲ ਪਾ ਲੈਂਦਾ ਹੈ ਤੇ ਮਨਮੁਖ ਟੀਚਾ ਗਵਾ ਲੈਂਦਾ ਹੈ ਭਾਵੇਂ ਕਿ ਦੋਹਾਂ ਪਿੱਛੇ ਕਾਦਿਰ ਹੈ, ''ਗੁਰਮੁਖਿ ਲਾਧਾ; ਮਨਮੁਖਿ ਗਵਾਇਆ ॥ ਤੁਧੁ ਆਪਿ ਵਿਛੋੜਿਆ; ਆਪਿ ਮਿਲਾਇਆ ॥''

(ਸੋ ਪੁਰਖੁ, ਮਹਲਾ 4)

ਗੁਰੂ ਨਾਨਕ ਸਾਹਿਬ ਜੀ ਨੇ ਰੂਹਾਨੀਅਤ ਸ਼ਕਤੀ ਨੂੰ ਮਾਨਵਤਾ ਦੇ ਅਧਿਕਾਰਾਂ ਦੀ ਰਾਖੀ ਲਈ ਵਰਤਣ ਵਾਸਤੇ ਇਹ ਵਚਨ ਉਚਾਰੇ ਹਨ, ''ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ ॥ ਇਤੁ ਮਾਰਗਿ; ਪੈਰੁ ਧਰੀਜੈ ॥ ਸਿਰੁ ਦੀਜੈ; ਕਾਣਿ ਨ ਕੀਜੈ ॥'' (ਮਹਲਾ 1/ 1412) ਔਰੰਗਜ਼ੇਬ ਦੇ ਅੱਤਿਆਚਾਰ ਕਾਰਨ ਨਮੋਸ਼ ਧਾਰ ਬੈਠੀ ਭਾਰਤੀ ਜਨਤਾ ਨੂੰ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ''ਭੈ ਕਾਹੂ ਕਉ ਦੇਤ ਨਹਿ; ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ! ਗਿਆਨੀ ਤਾਹਿ ਬਖਾਨਿ ॥'' (ਮਹਲਾ 9/ 1427) ਵਚਨ ਉਚਾਰ ਕੇ ਨਵੀਂ ਜ਼ਿੰਦਗੀ ਬਖ਼ਸ਼ੀ ਸੀ। ਇਹੀ ਰੂਹਾਨੀਅਤ ਸ਼ਕਤੀ ਗੁਰੂ ਨਾਨਕ ਸਾਹਿਬ ਜੀ ਨੂੰ ਮੱਕੇ ਦੇ ਕਾਜ਼ੀਆਂ ਕੋਲ, ਪਰਬਤਾਂ ਦੀਆਂ ਗੁਫ਼ਾਵਾਂ 'ਚ, ਹਰਿਦੁਆਰ ਦੇ ਪਾਂਡਿਆਂ ਕੋਲ ਅਤੇ ਜਗਨਨਾਥ ਪੁਰੀ ਦੇ ਮੰਦਿਰਾਂ ਆਦਿਕ ਤੱਕ ਲੈ ਗਈ, ਜਿਨ੍ਹਾਂ ਸਚਾਈ ਬਿਆਨ ਕਰਦਿਆਂ ਕੋਈ ਡਰ ਜਾਂ ਤੌਖਲਾ (ਘਬਰਾਹਟ) ਮਹਿਸੂਸ ਨਾ ਕੀਤਾ।

ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ (ਮੀਰੀ-ਪੀਰੀ) ਪਹਿਣ ਕੇ ਗੁਰੂ ਨਾਨਕ ਸਾਹਿਬ ਜੀ ਦੇ ਉਕਤ ਵਚਨਾਂ ਨੂੰ





ਵਿਹਾਰਿਕ-ਅਮਲਾਂ 'ਚ ਲਿਆਂਦਾ ਸੀ ਅਤੇ ਦਸਮੇਸ਼ ਪਿਤਾ ਨੇ ਕਿਰਪਾਨ ਨੂੰ ਪੰਜ ਕਕਾਰਾਂ 'ਚ ਸ਼ਾਮਲ ਕਰ, ਨਾ ਬਲਕਿ ਸਿੱਖ ਕੌਮ ਨੂੰ ਸ਼ਸਤਰਧਾਰੀ ਬਣਾਇਆ ਸਗੋਂ ਹੋਲਾ ਮਹੱਲਾ ਮਨਾਉਣ ਦੀ ਪਰੰਪਰਾ ਵੀ ਲਾਗੂ ਕੀਤੀ ਤਾਂ ਜੋ ਸ਼ਸਤਰ ਅਭਿਆਸ ਕਰਦਿਆਂ ਸਿੱਖਾਂ ਅੰਦਰ ਸਦਾ ਕੁਰਬਾਨੀ ਦਾ ਜਜ਼ਬਾ ਬਣਿਆ ਰਹੇ, ਨਾ ਕਿ ਅੰਦਰੋਂ ਬੁਜ਼ਦਿਲ (ਗਧੇ) ਅਤੇ ਬਾਹਰੋਂ ਲਿਬਾਸਧਾਰੀ ਸਿੰਘ (ਸ਼ੇਰ) ਬਣਨ। ਅਨੰਦਪੁਰ ਸਾਹਿਬ ਵਿਖੇ ਖੋਤੇ 'ਤੇ ਸ਼ੇਰ ਦੀ ਖੱਲ ਪਾਉਣ ਵਾਲੀ ਸਾਖੀ ਇਸੇ ਦੂਰ ਅੰਦੇਸ਼ੀ ਦੀ ਇੱਕ ਕੜੀ ਮਾਤਰ ਹੈ।

ਗੁਰੂ ਸਾਹਿਬਾਨ ਨੇ ਹੋਲਾ ਮਹੱਲਾ ਨੂੰ ਹਿੰਦੂ ਭਾਈਚਾਰੇ ਦੀ ਹੋਲੀ ਵਾਲੇ ਦਿਨ ਨਾਲ ਜੋੜ ਕੇ ਮਨਾਉਣ ਨੂੰ ਤਰਜੀਹ ਦਿੱਤੀ। ਇਸ ਦੇ ਦੋ ਕਾਰਨ ਸਨ। ਪਹਿਲਾ ਇਹ ਕਿ ਸਿੱਖ; ਅਨਮਤ ਦੇ ਪ੍ਰਭਾਵ ਹੇਠ ਨਾ ਆਉਣ; ਜਿਵੇਂ ਕਿ ਹਿੰਦੂਆਂ 'ਚ ਆਮ ਪ੍ਰਚਲਿਤ ਹੈ ਕਿ ਮਿਰਤਕ ਪ੍ਰਾਣੀ ਦੀਆਂ ਅਸਥੀਆਂ ਹਰਿਦੁਆਰ ਜਲ-ਪ੍ਰਵਾਹ ਕੀਤੀਆਂ ਜਾਣ, ਇਸ ਦੇ ਬਦਲ ਵਜੋਂ ਸਿੱਖਾਂ ਨੂੰ ਅਸਥੀਆਂ ਕੀਰਤਪੁਰ ਸਾਹਿਬ ਵਿਖੇ ਪਾਉਣ ਵੱਲ ਪ੍ਰੇਰਿਆ ਤਾਂ ਜੋ ਸਾਡੀ ਵਿਲੱਖਣਤਾ ਕਾਇਮ ਰਹੇ।

ਵੈਸੇ ਗੁਰਮਤਿ ਅਸੂਲਾਂ ਮੁਤਾਬਕ ਜ਼ਰੂਰੀ ਨਹੀਂ ਕਿ ਹਰ ਸਿੱਖ ਦੀਆਂ ਅਸਥੀਆਂ ਕੀਰਤਪੁਰ ਵਿਖੇ ਹੀ ਪਾਈਆਂ ਜਾਣ। ਸਿੱਖ ਰਹਿਤ ਮਰਿਆਦਾ 'ਚ ਦਰਜ ਹੈ ਕਿ 'ਮਿਰਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ 'ਤੇ ਭਸਮ ਅਸਥੀਆਂ ਸਮੇਤ ਉਠਾ ਕੇ (ਕਿਤੇ ਵੀ) ਜਲ ਪ੍ਰਵਾਹ ਕੀਤਾ ਜਾਵੇ ਜਾਂ ਉੱਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ ਤਾਂ ਜੋ ਓਥੇ ਕੋਈ ਯਾਦਗਾਰ ਨਾ ਬਣੇ।'

ਦੂਸਰਾ ਸਿੱਖਾਂ ਅੰਦਰੋਂ ਅੰਧਵਿਸ਼ਵਾਸ ਨੂੰ ਖ਼ਤਮ



ਕਰਨਾ ਸੀ, ਜੋ ਸੁਰਤ ਵਿਕਾਸ 'ਚ ਸਦੀਆਂ ਤੋਂ ਰੁਕਾਵਟ ਦਾ ਸਬੱਬ ਬਣਦਾ ਰਿਹਾ; ਜਿਵੇਂ ਹਿੰਦੂ ਮਿਥਿਹਾਸ ਹੈ ਕਿ ਦੈਂਤਾਂ ਦਾ ਰਾਜਾ ਹਰਨਾਖਸ਼; ਆਪਣੇ ਪੁੱਤਰ ਪ੍ਰਹਿਲਾਦ ਦੀ ਵਿਸ਼ਨੂ (ਦੇਵ) ਭਗਤੀ ਤੋਂ ਤੰਗ ਸੀ। ਉਸ ਨੇ ਕਈ ਵਾਰ ਇਨ੍ਹਾਂ ਨੂੰ ਮਾਰਨਾ ਚਾਹਿਆ ਪਰ ਇਹ ਹਰ ਵਾਰ ਬਚ ਜਾਂਦੇ। ਹਰਨਾਖਸ਼ ਨੇ ਆਪਣੀ ਭੈਣ (ਪ੍ਰਹਿਲਾਦ ਦੀ ਭੂਆ) 'ਹੋਲਿਕਾ' ਦੀ ਮਦਦ ਲਈ ਕਿਉਂਕਿ ਉਸ ਨੂੰ ਵਰ ਮਿਲਿਆ ਸੀ ਕਿ ਅੱਗ 'ਚ ਨਹੀਂ ਸੜੇਗੀ।

**ਡਾਕਟਰ ਰਤਨ ਸਿੰਘ ਜੱਗੀ (ਲੇਖਕ ਸਿੱਖ ਪੰਥ ਵਿਸ਼ਵਕੋਸ਼) ਮੁਤਾਬਕ, ਠਹੋਲੀ ਦੇ ਪਰੰਪਰਾਗਤ ਤਿਉਹਾਰ ਦੇ ਸਮਾਨੰਤਰ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖਾਲਸੇ ਨੂੰ ਯੁੱਧ ਵਿੱਦਿਆ ਵਿੱਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਯੁੱਧ ਪ੍ਰਕ੍ਰਿਆ ਨਾਲ ਜੋੜਿਆ। ਇਹ, ਅਸਲ ਵਿੱਚ ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇੱਕ ਬਣਾਵਟੀ ਯੁੱਧ ਹੁੰਦਾ ਸੀ।**

ਹਰਨਾਖਸ਼ ਨੇ ਬਾਲਕ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ 'ਚ ਚਿਖ਼ਾ 'ਤੇ ਬੈਠਾ ਕੇ ਅੱਗ ਲਵਾ ਦਿੱਤੀ, ਫਿਰ ਵੀ ਹੋਲਿਕਾ ਜ.ਲ ਗਈ ਤੇ ਪ੍ਰਹਿਲਾਦ ਬਚ ਗਿਆ। ਹਿੰਦੂ, ਹੋਲੀ ਨੂੰ ਦੋ ਦਿਨ ਮਨਾਈਦੇ ਹਨ। ਇੱਕ ਦਿਨ ਹੋਲਿਕਾ ਜ.ਲਾਈ ਜਾਂਦੀ ਹੈ ਤੇ ਅਗਲੇ ਦਿਨ ਇੱਕ ਦੂਜੇ 'ਤੇ ਪਿਆਰ ਵਜੋਂ ਰੰਗ ਪਾ ਕੇ ਖ਼ੁਸ਼ੀ ਮਨਾਈ ਜਾਂਦੀ ਹੈ। ਇਸ ਮਿੱਥ ਦੇ ਪਿਛੋਕੜ 'ਚ ਜਾਈਏ ਤਾਂ ਦੈਂਤ ਹਰਨਾਖਸ਼ ਵੀ ਲੰਕਾ ਪਤੀ ਰਾਵਣ ਵਾਙ ਦੱਖਣ ਭਾਰਤ ਦਾ ਰਾਜਾ ਰਿਹਾ ਹੈ, ਇਸ ਲਈ ਓਥੇ ਅਜੇ ਵੀ ਦਸਹਿਰਾ ਤੇ ਹੋਲੀ ਨਹੀਂ ਮਨਾਈ ਜਾਂਦੀ।

ਇਹ ਦੋਵੇਂ ਉੱਤਰ ਭਾਰਤ ਦੇ ਤਿਉਹਾਰ ਹਨ। ਦੱਖਣ ਭਾਰਤ ਦ੍ਰਾਵਿੜ ਇਲਾਕਾ ਹੋਣ ਕਾਰਨ ਰਾਜਿਆਂ ਨੂੰ ਦੈਂਤ ਕਿਹਾ ਗਿਆ ਅਤੇ ਉੱਤਰ ਭਾਰਤ 'ਚ ਆਰੀਅਨ ਰਾਜਿਆਂ ਨੂੰ ਦੇਵਤੇ ਆਖਿਆ ਗਿਆ। ਗੁਰਬਾਣੀ ਵਚਨ ਹਨ, ''ਜੁਗਹ ਜੁਗਹ ਕੇ ਰਾਜੇ ਕੀਏ; ਗਾਵਹਿ ਕਰਿ ਅਵਤਾਰੀ ॥'' (ਮਹਲਾ 3/ 423) ਭਾਰਤ 'ਚ 73% ਲੋਕ ਆਰੀਅਨ ਬੋਲੀ (ਹਿੰਦੀ) ਬੋਲਦੇ ਹਨ ਜਦਕਿ 24% ਲੋਕ ਦ੍ਰਾਵਿੜ ਭਾਸ਼ਾ ਦੱਖਣ 'ਚ ਅਪਣਾਏ ਹੋਏ ਹਨ।

ਹੋਲੀ; ਫੱਗਣ ਦੀ ਪੂਰਨਮਾਸ਼ੀ ਅਤੇ ਬਸੰਤ ਰੁਤ ਦਾ ਤਿਉਹਾਰ ਹੋਣ ਕਾਰਨ ਗੁਰੂ ਅਰਜਨ ਸਾਹਿਬ ਜੀ ਵੀ ਬਸੰਤ ਰਾਗ 'ਚ ਆਪਣਾ ਇੱਕ ਸ਼ਬਦ ਕੱਚੀ ਹੋਲੀ ਬਨਾਮ ਪੱਕੀ ਹੋਲੀ (ਰੱਬੀ ਮਿਲਾਪ) ਵਜੋਂ ਦਰਜ ਕਰਦੇ ਹਨ। ਰੱਬੀ ਪੱਕੇ ਲਾਲ-ਰੰਗ (ਪਿਆਰ) ਦੇ ਮੁਕਾਬਲੇ ਹੋਲੀ ਦਾ ਕੱਚਾ-ਲਾਲ ਰੰਗ ਫਿੱਕਾ ਹੈ। ਰੱਬੀ ਹੋਲੀ ਸੰਤ ਜਨਾਂ ਨਾਲ ਮਿਲ ਕੇ ਖੇਡੀ ਜਾਂਦੀ ਹੈ, ਜੋ ਏਕਤਾ ਕਾਇਮ ਕਰਦੀ ਹੈ, ਪਰ ਕੱਚੀ ਹੋਲੀ ਵਿਵਾਦ ਤੇ ਆਪਸੀ ਨਫ਼ਰਤ ਨੂੰ ਜਨਮ ਦਿੰਦੀ ਹੈ। ਪੂਰਾ ਸ਼ਬਦ ਹੈ, ''ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ; ਭੇਟੇ ਗੋਬਿੰਦ ॥1॥ ਆਜੁ ਹਮਾਰੈ ਗ੍ਰਿਹਿ; ਬਸੰਤ ॥ ਗੁਨ ਗਾਏ ਪ੍ਰਭ ! ਤੁਮ੍ ਬੇਅੰਤ ॥1॥ ਰਹਾਉ ॥ ਆਜੁ ਹਮਾਰੈ; ਬਨੇ ਫਾਗ (ਫੱਗਣ ਭਾਵ ਬਸੰਤ)॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ; ਅਤਿ ਲਾਲ ਦੇਵ ॥2॥ ਮਨੁ ਤਨੁ ਮਉਲਿਓ (ਖਿੜਿਆ); ਅਤਿ ਅਨੂਪ ॥ ਸੂਕੈ ਨਾਹੀ; ਛਾਵ ਧੂਪ (ਵਿੱਚ ਵੀ)॥ ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ; ਗੁਰ ਮਿਲੇ ਦੇਵ ॥3॥ ਬਿਰਖੁ ਜਮਿਓ ਹੈ; ਪਾਰਜਾਤ (ਇੱਛਾਂ ਪੂਰਕ ਕਲਪਿਤ ਰੁੱਖ)॥ ਫੂਲ ਲਗੇ ਫਲ ਰਤਨ ਭਾਂਤਿ ॥ ਤ੍ਰਿਪਤਿ ਅਘਾਨੇ; ਹਰਿ ਗੁਣਹ ਗਾਇ (ਕੇ)॥ ਜਨ ਨਾਨਕ ! ਹਰਿ ਹਰਿ; ਹਰਿ ਧਿਆਇ (ਕੇ) ॥4॥1॥ (ਬਸੰਤੁ/ਮਹਲਾ 5/ 1180), ਪਰ ਅਫ਼ਸੋਸ ਕਿ ਇਹੀ ਪਾਵਨ-ਸ਼ਬਦ ਹੋਲੀ 'ਤੇ ਪੜ੍ਹਦਿਆਂ ਵੀ ਹਿੰਦੂ ਸੋਚ ਤੋਂ ਪ੍ਰਭਾਵਤ ਕੁਝ ਸਿੱਖ ਕੱਚੇ ਰੰਗ ਨਾਲ ਆਪਣਾ ਮੂੰਹ-ਸਿਰ ਗੰਦਾ ਕਰ ਰਹੇ ਹੁੰਦੇ ਹਾਂ।

'ਹੋਲਾ ਮੁਹੱਲਾ' ਪੁਰਬ ਦਾ ਮੁੱਢ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਚੇਤ ਵਦੀ ਏਕਮ ਸੰਮਤ 1757 (ਸੰਨ 1701) ਨੂੰ ਤਦ ਬੰਨ੍ਹਿਆ ਜਦ ਭਾਰਤ ਦੀ ਲੁਕਾਈ ਮੁਰਦਾ ਹੋ ਚੁੱਕੀ ਸੀ। ਉਸ ਵੇਲੇ ਦੇ ਜਾਬਰ ਤੇ ਜ਼ਾਲਮ ਹਾਕਮਾਂ ਖ਼ਿਲਾਫ਼ ਸੰਘਰਸ਼ ਕਰਨ ਲਈ ਅਤੇ ਕੌਮ 'ਚ ਨਵਾਂ ਜੋਸ਼ ਪੈਦਾ ਕਰਨ ਲਈ ਪੁਰਾਤਨ 'ਹੋਲੀ' ਦੇ ਤਿਉਹਾਰ ਨੂੰ ਨਵਾਂ ਰੂਪ 'ਹੋਲਾ ਮਹੱਲਾ' ਦੇਣ ਦੀ ਪਰੰਪਰਾ ਆਰੰਭ ਕੀਤੀ।

ਡਾਕਟਰ ਰਤਨ ਸਿੰਘ ਜੱਗੀ (ਲੇਖਕ ਸਿੱਖ ਪੰਥ ਵਿਸ਼ਵਕੋਸ਼) ਮੁਤਾਬਕ, ਠਹੋਲੀ ਦੇ ਪਰੰਪਰਾਗਤ ਤਿਉਹਾਰ ਦੇ ਸਮਾਨੰਤਰ ਗੁਰੂ ਗੋਬਿੰਦ ਸਿੰਘ ਜੀ ਨੇ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖਾਲਸੇ ਨੂੰ ਯੁੱਧ ਵਿੱਦਿਆ ਵਿੱਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਇਸ ਤਿਉਹਾਰ ਦਾ ਸੰਬੰਧ ਯੁੱਧ ਪ੍ਰਕ੍ਰਿਆ ਨਾਲ ਜੋੜਿਆ। ਇਹ, ਅਸਲ ਵਿੱਚ ਸਿੱਖ ਸੈਨਿਕਾਂ ਨੂੰ ਅਭਿਆਸ ਕਰਾਉਣ ਲਈ ਇੱਕ ਬਣਾਵਟੀ ਯੁੱਧ ਹੁੰਦਾ ਸੀ।

ਸੈਨਿਕਾਂ ਨੂੰ ਦੋ ਦਲਾਂ ਵਿੱਚ ਵੰਡ ਕੇ ਇੱਕ ਦਲ ਨੂੰ ਸਫ਼ੈਦ ਅਤੇ ਦੂਜੇ ਨੂੰ ਕੇਸਰੀ ਬਸਤਰ ਪਾਉਣ ਲਈ ਕਿਹਾ ਜਾਂਦਾ ਸੀ। ਬਣਾਵਟੀ ਜੰਗ ਦੇ ਕਈ ਰੂਪ ਹੁੰਦੇ ਹਨ। ਮੁੱਖ ਤੌਰ 'ਤੇ ਦੋਹਾਂ ਦਲਾਂ ਨੂੰ ਲੋਹਗੜ੍ਹ ਉੱਤੇ ਕਬਜ਼ਾ ਕਰਨ ਲਈ ਪ੍ਰੇਰਿਆ ਜਾਂਦਾ ਸੀ। ਜੋ ਦਲ ਪਹਿਲਾਂ ਕਬਜ਼ਾ ਕਰਦਾ, ਉਸ ਨੂੰ ਇਨਾਮ ਤੇ ਸਿਰੋਪੇ ਦਿੱਤੇ ਜਾਂਦੇ ਜਾਂ ਫਿਰ ਇੱਕ ਦਲ ਨੂੰ ਲੋਹਗੜ੍ਹ ਉੱਤੇ ਕਾਬਜ਼ ਦੱਸਿਆ ਜਾਂਦਾ ਅਤੇ ਦੂਜੇ ਦਲ ਵਾਲੇ ਕਾਬਜ਼ ਦਲ ਨੂੰ ਵੈਰੀ ਸਮਝ ਕੇ ਉਸ ਤੋਂ ਕਿਲ੍ਹਾ ਖੋਹਣ ਦਾ ਉੱਦਮ ਕਰਦੇ। ਜਿੱਤਣ ਵਾਲੇ ਦਲ ਨੂੰ ਖ਼ੂਬ ਇਨਾਮ ਦਿੱਤੇ ਜਾਂਦੇ। ਇਸ ਮੌਕੇ ਸੱਤ ਦਿਨ ਦੀਵਾਨ ਸੱਜਦੇ, ਕਥਾ ਕੀਰਤਨ ਹੁੰਦਾ, ਵਾਰਾਂ ਗਾਈਆਂ ਜਾਂਦੀਆਂ, ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਜਾਂ ਮਸਕਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਇਨ੍ਹਾਂ ਸਾਰੀਆਂ ਕਾਰਵਾਈਆਂ ਵਿੱਚ ਗੁਰੂ ਸਾਹਿਬ ਰੁਚੀ-ਪੂਰਵਕ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ।

ਅਮਤ 'ਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮਾ-ਪੱਤਰ ਦਾ ਇਹ ਭਾਗ ਵੀ ਵਾਚਣਯੋਗ ਹੈ ਕਿ ਜਦ ਦੁਸ਼ਮਣ ਨਾਲ ਸੁਲ੍ਹਾ-ਸਫ਼ਾਈ ਦੇ ਸਾਰੇ ਹੀਲੇ-ਵਸੀਲੇ ਖ਼ਤਮ ਹੋ ਜਾਣ ਤਾਂ ਹੱਥ 'ਚ ਸ਼ਮਸ਼ੀਰ (ਕਿਰਪਾਨ) ਪਕੜਨੀ ਗੁਰਮਤਿ ਦਾ ਧਰਮ ਹੈ, ''ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥ ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥22॥'' ਇਸ ਦੀ ਤਿਆਰੀ ਲਈ 'ਹੋਲਾ ਮਹੱਲਾ' ਯੁੱਧ-ਅਭਿਆਸ ਵੀ ਜ਼ਰੂਰੀ ਹੈ ਤਾਂ ਜੋ ਖ਼ਾਲਸਾ ਰੂਹਾਨੀਅਤ ਸ਼ਕਤੀ ਉਪਰੰਤ ਮਾਨਸਿਕ ਤੇ ਸਰੀਰਕ ਪੱਖੋਂ ਵੀ ਬੇਸਹਾਰਿਆਂ ਦਾ ਸਹਾਰਾ ਬਣਨ ਲਈ ਤਿਆਰ-ਬਰ-ਤਿਆਰ ਰਹੇ। ਅਜਿਹੀ ਅਣਖ ਭਰੀ ਜ਼ਿੰਦਗੀ ਜਿਊਣ ਲਈ ਇਸ ਪੁਰਬ 'ਤੇ ਦਿੱਲੋਂ ਗੁਰੂ ਅੱਗੇ ਅਰਦਾਸ ਕਰ ਪ੍ਰਣ ਕਰਨਾ ਹਰ ਗੁਰਸਿੱਖ ਦਾ ਫ਼ਰਜ਼ ਹੈ ਤਾਂ ਜੋ ਪਿਛਲੇ ਸਾਲ ਵਾਙ ਇਹ ਪੁਰਬ ਵੀ ਕਿਤੇ ਇੱਕ ਮੇਲਾ ਬਣ ਕੇ ਹੀ ਨਾ ਰਹਿ ਜਾਵੇ।

# This Sikh mom couldn't find a proper helmet for her boys. Now, she's designed her own

## Tina Singh says helmet isn't just a solution for Sikh kids, it's also a symbol of being seen in sport




When Tina Singh's boys started learning to ride bikes, it was obvious they'd need helmets.

There was just one problem: Singh couldn't find a single helmet on the market to accommodate her sons' turbans.

"My kids keep their hair, so anytime I went to go put a bike helmet when they were going out to ride ... nothing fit them properly," the Toronto mom of three told CBC Toronto.

Not having a turban-appropriate helmet meant Singh had resort to things like getting larger helmets that didn't fit right, scooping out the foam inside one to accommodate her children's hair or not putting a helmet on her kids at all.

None were safe options.

An occupational therapist who has worked with patients with acquired brain injuries, Singh says she knew how important it was to have a well-fitting bicycle helmet.

"I was frustrated that there wasn't a safe option in sports helmets for my kids," she said.

So, she set out to create her own.

'Big learning curve'

Now, the Ontario mom has designed what she says is the first safety certified multisport helmet specifically for kids like hers.

For over two years, Singh says she has worked on and tested different versions of the helmet. Now, she says it's in production and certified for use with bicycles, inline skates, kick scooters and skateboarding for kids over the age of five.

"This is a big learning curve for me, it's not something I've ever done before," she said.

What makes her model unique is it has a domed portion on top to accommodate a child's hair, while still fitting the way a helmet should: two finger spaces above the eyebrow, creating a "v" shape around the ear and one finger space between the chinstrap and the ear.

This past December, the helmet received a passing grade from the international testing company SGS.

'A welcome step'

While Singh's helmets are for children, the issue of whether to exempt turban-wearing Sikhs motorcyclists from having to wear helmets has made



> On Article 25 of the Constitution, the HC said it gives "every person the right to freedom of conscience and the right to freely profess, practice, and propagate religion subject to public order, morality, and health".

headlines in recent years.

In 2018, Ontario's Progressive Conservative government moved to join Alberta, B.C. and Manitoba in allowing Sikhs to ride motorcycles without helmets after calls by Sikh motorcycling groups and federal NDP Leader Jagmeet Singh.

The previous provincial government, under Premier Kathleen Wynne, refused those calls, saying the move would pose a road safety risk.

In a 2008 court case, a judge ruled against a human rights challenge to Ontario's law after a Sikh motorcyclist refused to pay a fine for not wearing a helmet over his turban, saying it was against his religion to do so.

Speaking to CBC Toronto, Balpreet Singh, legal counsel for the World Sikh Organization of Canada said the helmet is "welcome step."

"There are some Sikhs that do wear helmets and also many Sikhs that choose not to wear helmets because they don't feel anything should cover the turban. So I think this is definitely one more option that Sikh families can consider and definitely long overdue."

'Surreal' seeing vision come to life

Moezine Hasham, executive director and founder of Hockey 4 Youth says the helmet will help Sikh kids overcome the challenges to participating in sport, saying the industry is overdue for innovation.

"When you think about the impact of the pandemic and the access to sport that unfortunately wasn't there ... the creation of this type of helmet is now going to create an inclusive space, it's going to foster belonging."

Meanwhile, for Singh, the release of her helmet isn't just a solution for Sikh kids, it's also a symbol of being seen in sport.

"It is also a demonstration of inclusion and diversity in sport participation," she said.

As for seeing her kids wear the helmet she created herself, she says: "To me it feels really surreal... It's a beautiful moment for me. I did this for my kids and to see them actually reap the benefit of that is amazing."

Courtesy: cbc.ca

## ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਗੁਰਦੁਆਰਾ ਉਸਾਰਨ ਖ਼ਿਲਾਫ਼ ਪਰਸ਼ੋਤਮ ਸਿੰਘ ਫੱਗੂਵਾਲਾ ਵੱਲੋਂ ਮਰਨ ਵਰਤ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਗੁਰਦੁਆਰਾ ਸ੍ਰੀ ਮਸਤੂਆਣਾ ਸਾਹਿਬ ਵਿਖੇ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣਾਏ ਗਏ ਗੁਰਦੁਆਰੇ ਵਿੱਚ ਤਬਦੀਲੀ ਨਾ ਕਰਨ ਦੇ ਰੋਸ ਵਜੋਂ ਪੰਥਕ ਵਿਚਾਰ ਮੰਚ ਦੇ ਆਗੂ ਜਥੇਦਾਰ ਪਰਸ਼ੋਤਮ ਸਿੰਘ ਫੱਗੂਵਾਲਾ ਵੱਲੋਂ ਬੀਤੇ ਦਿਨ ਤੋਂ ਆਪਣੇ ਪਿੰਡ ਫੱਗੂਵਾਲਾ ਵਿਚਲੇ ਘਰ ਵਿੱਚ ਹੀ ਮਰਨ ਵਰਤ ਸ਼ੁਰੂ ਕੀਤਾ ਗਿਆ ਹੈ। ਇਸ ਦੌਰਾਨ ਜਥੇਦਾਰ ਫੱਗੂਵਾਲਾ ਨੇ ਪ੍ਰਣ ਲਿਆ ਕਿ ਜਦੋਂ ਤੱਕ ਗੁਰੂ ਘਰ ਦੀ ਇਮਾਰਤ ਵਿੱਚ ਤਬਦੀਲੀ ਨਹੀਂ ਹੋ ਜਾਂਦੀ ਉਦੋਂ ਤੱਕ ਉਹ ਕੁਝ ਵੀ ਗ੍ਰਹਿਣ ਨਹੀਂ ਕਰਨਗੇ।

ਇਸ ਸਬੰਧੀ ਆਪਣੇ ਨਿਵਾਸ 'ਤੇ ਗੱਲਬਾਤ ਕਰਦਿਆਂ ਜਥੇਦਾਰ ਫੱਗੂਵਾਲਾ ਨੇ ਕਿਹਾ ਕਿ ਮਸਤੂਆਣਾ ਸਾਹਿਬ ਦੀ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੈ, ਜਿਸ ਸਬੰਧੀ ਕਮੇਟੀ ਤੇ ਮਸਤੂਆਣਾ ਸਾਹਿਬ ਟਰੱਸਟ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਵਿਚਾਰ ਅਧੀਨ ਹੈ। ਇਸ ਟਰੱਸਟ ਦੇ ਪ੍ਰਧਾਨ ਇਕ ਸੀਨੀਅਰ ਅਕਾਲੀ ਆਗੂ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਾਜ਼ਿਸ਼ ਤਹਿਤ ਸ੍ਰੀ ਹਰਿਮੰਦਰ ਸਾਹਿਬ ਵਰਗਾ ਗੁਰੂ ਘਰ ਬਣਾ ਕੇ ਸਿੱਖਾਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।

## ਪੁਲਿਸ ਕਮਿਸ਼ਨਰ ਨੇ ਮੁਲਾਜ਼ਮਾਂ ਨੂੰ ਪੰਜਾਬੀ 'ਚ ਨੇਮ ਪਲੇਟ ਤੇ ਦਫ਼ਤਰਾਂ 'ਚ ਕੰਮ-ਕਾਜ ਪੰਜਾਬੀ ਭਾਸ਼ਾ 'ਚ ਕਰਨ ਦੇ ਦਿੱਤੇ ਹੁਕਮ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਵਲੋਂ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੁਲਿਸ ਕਮਿਸ਼ਨਰ ਵਲੋਂ ਇਕ ਵਿਸ਼ੇਸ਼ ਹੁਕਮ ਜਾਰੀ ਕਰਕੇ ਪੁਲਿਸ ਮੁਲਾਜ਼ਮਾਂ ਨੂੰ ਸਰਕਾਰ ਵਲੋਂ ਜਾਰੀ ਕੀਤੇ ਹੁਕਮਾਂ ਨੂੰ ਲਾਗੂ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮੌਕੇ ਪੁਲਿਸ ਲਾਈਨ ਵਿਚ ਇਕ ਸਮਾਗਮ ਕੀਤਾ ਜਾ ਰਿਹਾ ਹੈ, ਜਿਸ 'ਚ ਸਾਰੇ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀ ਹਾਜ਼ਰ ਹੋਣਗੇ।

ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਅਧਿਕਾਰੀਆਂ ਨੂੰ ਹੁਕਮ ਜਾਰੀ ਕਰ ਦਿੱਤੇ ਗਏ ਹਨ ਤੇ ਉਨ੍ਹਾਂ ਨੂੰ ਆਪਣੇ ਨੇਮ ਪਲੇਟ ਨੂੰ ਪੰਜਾਬੀ ਭਾਸ਼ਾ ਵਿਚ ਲਿਖਣ ਦੀਆ ਹਦਾਇਤਾਂ ਕੀਤੀਆਂ ਗਈਆਂ ਹਨ।

## ਕਰਤਾਰਪੁਰ ਸਾਹਿਬ ਵਿਖੇ ਜਾਣ ਵਾਲੇ ਯਾਤਰੂਆਂ ਦੇ ਰਾਤ ਠਹਿਰਨ ਦੇ ਕੀਤੇ ਜਾਣਗੇ ਪ੍ਰਬੰਧ-ਦੁਰਾਨੀ

ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਯਾਤਰੂਆਂ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਹੋਰ ਪ੍ਰਬੰਧਾਂ ਨੂੰ ਲੈ ਕੇ ਕਰਤਾਰਪੁਰ ਗੁਰਦੁਆਰਾ ਗਵਰਨਿੰਗ ਕੌਂਸਲ ਦੀ 7ਵੀਂ ਬੈਠਕ ਹੋਈ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਕਮੇਟੀ ਰੂਮ ਵਿਖੇ ਧਾਰਮਿਕ ਮਾਮਲਿਆਂ ਅਤੇ ਅੰਤਰ-ਧਰਮ ਸਦਭਾਵਨਾ ਮੰਤਰਾਲੇ ਦੇ ਸਕੱਤਰ ਆਫ਼ਤਾਬ ਅਕਬਰ ਦੁਰਾਨੀ ਦੀ ਪ੍ਰਧਾਨਗੀ ਹੇਠ ਹੋਈ ਬੈਠਕ 'ਚ ਕਈ ਹੋਰ ਵਿਭਾਗਾਂ ਅਤੇ ਧਾਰਮਿਕ ਤੇ ਆਪਸੀ ਸਦਭਾਵਨਾ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

## 1971 ਦੀ ਲੌਂਗੇਵਾਲਾ ਜੰਗ ਦੇ ਨਾਇਕ ਬ੍ਰਿਗੇ: ਕੁਲਦੀਪ ਸਿੰਘ ਚਾਂਦਪੁਰੀ ਦਾ ਆਦਮਕੱਦ ਬੁੱਤ ਸਥਾਪਿਤ

1971 ਦੀ ਲੌਂਗੇਵਾਲਾ ਜੰਗ ਦੇ ਮਹਾਨ ਨਾਇਕ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੇ ਜੱਦੀ ਪਿੰਡ ਚਾਂਦਪੁਰ ਰੁੜਕੀ ਵਿਖੇ ਉਨ੍ਹਾਂ ਦਾ ਆਦਮ ਕੱਦ ਬੁੱਤ ਮੁੱਖ ਮੰਤਰੀ ਭਗਵੰਤ ਮਾਨ ਤੇ ਕੁਲਦੀਪ ਸਿੰਘ ਚਾਂਦਪੁਰੀ ਦੀ ਪਤਨੀ ਸੁਰਿੰਦਰ ਕੌਰ ਵਲੋਂ ਸਾਂਝੇ ਤੌਰ 'ਤੇ ਰਾਸ਼ਟਰ ਨੂੰ ਅਰਪਣ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ 1971 ਵਿਚ ਪਾਕਿਸਤਾਨ ਨੇ ਭਾਰਤ 'ਚ ਦਾਖ਼ਲ ਹੋਣ ਲਈ ਲੌਂਗੇਵਾਲਾ ਨੂੰ ਆਸਾਨ ਜੰਗ ਸਮਝਿਆ ਸੀ ਕਿਉਂਕਿ ਉੱਥੇ ਤਾਇਨਾਤ ਬ੍ਰਿਗੇਡੀਅਰ ਚਾਂਦਪੁਰੀ ਕੋਲ ਸਿਰਫ਼ 120 ਫ਼ੌਜੀਆਂ ਦੀ ਕੰਪਨੀ ਸੀ ਅਤੇ ਵਿਰੋਧੀਆਂ ਕੋਲ 3500 ਸੈਨਿਕਾਂ ਦੀ ਟੁਕੜੀ ਸੀ। ਉਨ੍ਹਾਂ ਕਿਹਾ ਕਿ ਹਾਲਾਤ ਭਾਰਤ ਦੇ ਪੱਖ 'ਚ ਨਾ ਹੋਣ ਦੇ ਬਾਵਜੂਦ ਬ੍ਰਿਗੇਡੀਅਰ ਚਾਂਦਪੁਰੀ ਵਲੋਂ ਦਿਖਾਈ ਬਹਾਦਰੀ ਨਾਲ ਦੇਸ਼ ਜਿੱਤ ਦੇ ਰਾਹ 'ਤੇ ਪੈ ਸਕਿਆ।

## ਦਮਦਮੀ ਟਕਸਾਲ ਤੇ ਸੰਤ ਸਮਾਜ ਵਲੋਂ ਕੌਮੀ ਇਨਸਾਫ਼ ਮੋਰਚੇ ਨੂੰ ਸਮਰਥਨ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਮੁਹਾਲੀ-ਚੰਡੀਗੜ੍ਹ ਬਾਰਡਰ 'ਤੇ ਲੱਗੇ ਮੋਰਚੇ 'ਚ ਸ਼ਮੂਲੀਅਤ ਕਰਨ ਤੇ ਮੋਰਚੇ ਨੂੰ ਸਮਰਥਨ ਦੇਣ ਲਈ ਦਮਦਮੀ ਟਕਸਾਲ ਦੇ ਮੁਖੀ ਅਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਨਿਰਦੇਸ਼ਾਂ ਹੇਠ ਮਹਾਂਪੁਰਸ਼ਾਂ, ਜਥੇਬੰਦੀਆਂ ਅਤੇ ਸੰਗਤਾਂ ਦਾ ਸੈਂਕੜੇ ਗੱਡੀਆਂ ਦਾ ਵੱਡਾ ਕਾਫ਼ਲਾ ਮੁਹਾਲੀ ਪੁੱਜਾ।ਕੌਮੀ ਇਨਸਾਫ਼ ਮੋਰਚੇ ਦੀ ਸਟੇਜ ਤੋਂ ਸੰਬੋਧਨ ਕਰਦਿਆਂ ਦਮਦਮੀ ਟਕਸਾਲ ਵਲੋਂ ਭਾਈ ਸਾਹਿਬ ਸਿੰਘ ਨੇ ਕਿਹਾ ਕਿ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਕੌਮੀ ਹਿੱਤਾਂ ਲਈ ਜੂਝਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਤੋਂ ਬਾਅਦ ਜੁਝਾਰੂ ਸਿੰਘਾਂ ਨੇ ਸੰਘਰਸ਼ ਨੂੰ ਜਾਰੀ ਰੱਖਦਿਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਵਿਚੋਂ ਬਹੁਤ ਸਾਰੇ ਸਿੰਘ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਜੇਲ੍ਹਾਂ 'ਚ ਨਜ਼ਰਬੰਦ ਹਨ।

## ਗੈਰ ਪੰਜਾਬੀਆਂ ਦੀ ਪੰਜਾਬ 'ਚ ਨਿਯੁਕਤੀਆਂ ਦੀ ਲੰਬੀ ਹੋ ਰਹੀ 'ਸੂਚੀ'

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਪੰਜਾਬ 'ਚ ਗੈਰ ਪੰਜਾਬੀਆਂ ਦੀ ਨਿਯੁਕਤੀ ਦੀ ਸੂਚੀ ਲੰਬੀ ਹੁੰਦੀ ਦੇਖ ਵਿਰੋਧੀ ਧਿਰ ਕਾਂਗਰਸ ਨੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਦਿੱਲੀ ਦੇ ਅਧਿਕਾਰੀਆਂ ਦੀ ਨਿਯੁਕਤੀ ਨੂੰ ਲੈ ਕੇ ਕਾਂਗਰਸ 'ਆਪ' ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਣ ਦੀ ਤਿਆਰੀ 'ਚ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਕੇ ਗੈਰ ਪੰਜਾਬੀਆਂ ਦੀ ਪੰਜਾਬ 'ਚ ਨਿਯੁਕਤੀ ਨੂੰ ਸ਼ਰਮਨਾਕ ਦੱਸਿਆ ਹੈ। ਰਾਜਾ ਵੜਿੰਗ ਨੇ ਟਵੀਟ ਕਰਦਿਆਂ ਕਿਹਾ ਕਿ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਪੰਜਾਬ ਨੂੰ ਆਪਣੇ ਹਿੱਤਾਂ ਲਈ ਵਰਤ ਰਹੇ ਹਨ ਅਤੇ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ (ਰੇਰਾ) ਵਾਂਗ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਦੇ ਅਹੁਦੇ 'ਤੇ ਗੈਰ-ਪੰਜਾਬੀ ਡਾ: ਸਤਬੀਰ ਬੇਦੀ ਦੀ ਨਿਯੁਕਤੀ ਸਪੱਸ਼ਟ ਕਰਦੀ ਹੈ ਕਿ ਪੰਜਾਬ ਨੂੰ ਦਿੱਲੀ ਦੁਆਰਾ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਨਾ ਬੇਹੱਦ ਗ਼ਲਤ ਹੈ। ਪ੍ਰਤਾਪ ਸਿੰਘ ਬਾਜਵਾ ਨੇ ਵੀ ਟਵੀਟ ਕੀਤਾ ਕਿ ਅਜਿਹਾ ਲੱਗਦਾ ਹੈ ਕਿ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਆਪਣਾ ਜਾਲ ਵਿਛਾ ਦਿੱਤਾ ਹੈ।

## HEADLINES...

Railways to run special train covering Sikh pilgrimage sites

Sikhs in US told to shave or face strict action, slam correctional agency's discriminatory beard policy

Irish Sikh activists to plant 10,000 trees for war-torn Ukraine

Sikh Youth Alliance pushes for Sikhism to be added to New Jersey social studies curriculum

Land approved for Hindu, Sikh communities' cremation grounds in Pakistan's Khyber Pakhtunkhwa

Watch: Sikh couple gets thrilled upon getting clicked by photographer, wholesome video captivates Internet

Waris Punjab De head Amritpal Singh booked in kidnapping case

Davinder Toor: A London collector in pursuit of Sikh art

## ਗੁਰਦੁਆਰਾ 6ਵੀਂ ਪਾਤਸ਼ਾਹੀ ਕੁਰੂਕਸ਼ੇਤਰ ਦਾ ਪ੍ਰਬੰਧ ਹਰਿਆਣਾ ਕਮੇਟੀ ਨੇ ਲਿਆ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਰੂਕਸ਼ੇਤਰ ਦੇ ਇਤਿਹਾਸਕ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਦਾ ਪ੍ਰਬੰਧ ਆਪਣੇ ਹੱਥਾਂ 'ਚ ਲੈਂਦੇ ਹੋਏ ਗੁਰਦੁਆਰਾ ਸਾਹਿਬ ਦੀ ਗੋਲਕ ਸਮੇਤ ਦਫ਼ਤਰਾਂ 'ਤੇ ਆਪਣੇ ਤਾਲੇ ਜੜ ਦਿੱਤੇ।

ਇਹ ਕਰਵਾਈ ਬਾਅਦ ਦੁਪਹਿਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਅਮਲ 'ਚ ਲਿਆਂਦੀ ਗਈ। ਇਸ ਮੌਕੇ ਹਰਿਆਣਾ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਅਤੇ ਜਨਰਲ ਸਕੱਤਰ ਗੁਰਵਿੰਦਰ ਸਿੰਘ ਧਮੀਜਾ ਸਮੇਤ ਕਮੇਟੀ ਦੇ ਕਈ ਹੋਰ ਮੈਂਬਰ ਵੀ ਹਾਜ਼ਰ ਸਨ। ਮੌਕੇ 'ਤੇ ਵਰਦੀ ਅਤੇ ਬਗੈਰ ਵਰਦੀ ਪੁਲਿਸ ਫੋਰਸ ਵੀ ਮੌਜੂਦ ਸੀ ਅਤੇ ਵੱਡੀ ਗਿਣਤੀ ਵਿਚ ਸੰਗਤ ਵੀ ਹਾਜ਼ਰ ਸੀ।

ਮੌਕੇ 'ਤੇ ਮੌਜੂਦ ਗੁਰਦੁਆਰਾ ਸਾਹਿਬ ਦੇ ਮੁਲਾਜ਼ਮਾਂ ਨੂੰ ਸਹਿਮਤੀ ਫਾਰਮ ਵੀ ਦਿੱਤੇ ਗਏ ਅਤੇ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰ ਤੋਂ ਗੋਲਕ ਦੀਆਂ ਚਾਬੀਆਂ ਵੀ ਮੰਗੀਆਂ ਗਈਆਂ ਪਰ ਚਾਬੀਆਂ ਨਾ ਮਿਲਣ 'ਤੇ ਗੋਲਕ ਦੇ ਤਾਲੇ ਤੋੜ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਆਪਣੇ ਤਾਲੇ ਲਗਾ ਦਿੱਤੇ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਦੋਵੇਂ ਧਿਰਾਂ ਹੱਥੋਪਾਈ ਹੋਈਆਂ।

## 5 ਤਖ਼ਤਾਂ ਤੇ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਵਿਸ਼ੇਸ਼ ਰੇਲ ਗੱਡੀ ਚਲਾਏਗਾ ਰੇਲਵੇ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਭਾਰਤੀ ਰੇਲਵੇ ਹਿੰਦੂ ਤੀਰਥ ਸਥਾਨਾਂ ਲਈ ਵਿਸ਼ੇਸ਼ 'ਭਾਰਤ ਗੌਰਵ ਰੇਲਗੱਡੀਆਂ' ਤੋਂ ਬਾਅਦ ਸਿੱਖਾਂ ਦੇ ਮਹੱਤਵਪੂਰਨ ਧਾਰਮਿਕ ਸਥਾਨਾਂ ਲਈ ਵਿਸ਼ੇਸ਼ ਰੇਲ ਸੇਵਾ ਚਲਾਉਣ ਜਾ ਰਹੀ ਹੈ। ਇਸ ਸਬੰਧੀ ਰੇਲਵੇ ਬੋਰਡ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 5 ਅਪ੍ਰੈਲ ਨੂੰ 'ਗੁਰੂ ਕ੍ਰਿਪਾ ਰੇਲਗੱਡੀ' ਉੱਤਰ ਪ੍ਰਦੇਸ਼ ਦੇ ਲਖਨਊ ਤੋਂ ਚੱਲੇਗੀ ਤੇ ਸ਼ਰਧਾਲੂਆਂ ਨੂੰ ਪੰਜਾਬ, ਮਹਾਰਾਸ਼ਟਰ, ਕਰਨਾਟਕ ਤੇ ਬਿਹਾਰ ਦੇ ਗੁਰਦੁਆਰਿਆਂ ਤੇ ਪੰਜ ਤਖ਼ਤਾਂ ਦੇ ਦਰਸ਼ਨ ਕਰਵਾਏਗੀ।

## ਹਰਿਆਣਾ ਦੀ ਵੱਖਰੀ ਗੁਰਦੁਆਰਾ ਕਮੇਟੀ ਬਾਰੇ ਨਜ਼ਰਸਾਨੀ ਪਟੀਸ਼ਨ ਰੱਦ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਸੁਪਰੀਮ ਕੋਰਟ 'ਚ ਦਾਇਰ ਕੀਤੀ ਗਈ ਪਟੀਸ਼ਨ ਅੱਜ ਸੁਪਰੀਮ ਕੋਰਟ ਨੇ ਖਾਰਜ ਕਰ ਦਿੱਤੀ ਹੈ। ਇਸ ਫੈਸਲੇ ਨਾਲ ਹਰਿਆਣਾ ਵਿੱਚ ਵੱਖਰੀ ਗੁਰਦੁਆਰਾ ਕਮੇਟੀ ਦੀ ਸਥਾਪਨਾ ਸਬੰਧੀ ਸਾਰੇ ਅੜਿੱਕੇ ਲਗਪਗ ਖ਼ਤਮ ਹੋ ਗਏ ਹਨ। ਦੂਜੇ ਪਾਸੇ, ਸਿਖਰਲੀ ਅਦਾਲਤ ਵੱਲੋਂ ਸੁਣਾਏ ਗਏ ਇਸ ਫੈਸਲੇ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਸਿੱਖਾਂ ਨਾਲ ਇਕ ਹੋਰ ਧੱਕਾ ਕਰਾਰ ਦਿੱਤਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਸਿੱਖ ਸੰਸਥਾ ਦੀ ਪੁਰਾਤਨ ਹੋਂਦ ਨੂੰ ਬਰਕਰਾਰ ਰੱਖਣ ਦੇ ਸਾਰੇ ਰਸਤੇ ਲਗਪਗ ਬੰਦ ਹੋ ਗਏ ਹਨ। ਹੁਣ ਸਿਰਫ ਕੇਂਦਰ ਸਰਕਾਰ ਵੱਲੋਂ ਹੀ ਸੰਸਦ ਵਿੱਚ ਇਸ ਬਾਰੇ ਕੁਝ ਕੀਤਾ ਜਾ ਸਕਦਾ ਹੈ।

## ਟਵਿੱਟਰ ਵਲੋਂ ਦਿੱਲੀ ਤੇ ਮੁੰਬਈ ਦੇ ਦਫ਼ਤਰ ਬੰਦ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਆਈ.ਟੀ. ਸੈਕਟਰ 'ਚ ਛਾਂਟੀ ਦਾ ਦੌਰ ਅਜੇ ਸਮਾਪਤ ਨਹੀਂ ਹੋਇਆ ਹੈ। ਵੱਡੀਆਂ ਆਈ.ਟੀ. ਕੰਪਨੀਆਂ ਲਾਗਤ 'ਚ ਕਟੌਤੀ ਲਈ ਛਾਂਟੀ ਦਾ ਸਹਾਰਾ ਲੈ ਰਹੀਆਂ ਹਨ। ਟਵਿੱਟਰ ਨੇ ਭਾਰਤ 'ਚ ਆਪਣੇ 3 'ਚੋਂ 2 ਦਫ਼ਤਰਾਂ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਕੰਪਨੀ ਨੇ ਦਿੱਲੀ ਅਤੇ ਮੁੰਬਈ ਵਿਚਲੇ ਆਪਣੇ ਦਫ਼ਤਰ ਬੰਦ ਕਰ ਦਿੱਤੇ ਹਨ ਅਤੇ ਸਟਾਫ ਨੂੰ ਘਰ ਤੋਂ ਕੰਮ ਕਰਨ ਲਈ ਕਿਹਾ ਗਿਆ ਹੈ, ਜਦੋਂਕਿ ਬੈਂਗਲੁਰੂ 'ਚ ਸਿਰਫ਼ 3 ਮੁਲਾਜ਼ਮ ਰਹਿ ਗਏ ਹਨ। ਸੂਤਰਾਂ ਨੇ ਦੱਸਿਆ ਕਿ ਦਿੱਲੀ ਅਤੇ ਮੁੰਬਈ ਦੇ ਦਫਤਰ ਕੁਝ ਹਫ਼ਤੇ ਪਹਿਲਾਂ ਬੰਦ ਕਰ ਦਿੱਤੇ ਗਏ ਸਨ ਅਤੇ ਸਟਾਫ਼ ਘਰ ਤੋਂ ਕੰਮ ਕਰ ਰਿਹਾ ਹੈ।

## ਸੁਪਰੀਮ ਕੋਰਟ ਵਲੋਂ ਜੰਮੂ-ਕਸ਼ਮੀਰ 'ਚ ਹੱਦਬੰਦੀ ਕਮਿਸ਼ਨ ਖ਼ਿਲਾਫ਼ ਪਟੀਸ਼ਨ ਖ਼ਾਰਜ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਜੰਮੂ-ਕਸ਼ਮੀਰ 'ਚ ਨਵੀਂ ਹੱਦਬੰਦੀ ਤਹਿਤ ਚੋਣਾਂ ਕਰਵਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ 'ਚ ਹੱਦਬੰਦੀ ਕਮਿਸ਼ਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ।

ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਸੀਟਾਂ ਦੀ ਹੱਦਬੰਦੀ ਤੇ ਤਬਦੀਲੀ ਦੀ ਪ੍ਰਕਿਰਿਆ ਨੂੰ ਬਰਕਰਾਰ ਰੱਖਿਆ ਹੈ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਕੇਂਦਰ ਸਰਕਾਰ ਨੂੰ ਹੱਦਬੰਦੀ ਕਮਿਸ਼ਨ ਦੇ ਗਠਨ ਦਾ ਅਧਿਕਾਰ ਹੈ ਤੇ ਕੇਂਦਰ ਨੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਹੈ। ਅਦਾਲਤ ਨੇ 1 ਦਸੰਬਰ 2022 ਨੂੰ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ।

# ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦੀ ਤਜਵੀਜ਼ 'ਤੇ ਵਿਵਾਦ?

**ਤਲਵਿੰਦਰ ਸਿੰਘ ਬੁੱਟਰ**



ਹਾਲ ਹੀ ਦੌਰਾਨ ਰੱਖਿਆ ਮੰਤਰਾਲੇ ਵਲੋਂ ਭਾਰਤੀ ਫ਼ੌਜ ਦੇ ਸਿੱਖ ਜਵਾਨਾਂ ਲਈ ਵਿਸ਼ੇਸ਼ ਬਣਤਰ ਵਾਲੇ ਲੋਹ-ਟੋਪ ਖ਼ਰੀਦਣ ਦੀ ਤਜਵੀਜ਼ ਸਾਹਮਣੇ ਆਉਣ ਤੋਂ ਬਾਅਦ ਇਸ ਮੁੱਦੇ 'ਤੇ ਤਕੜੀ ਬਹਿਸ ਛਿੜ ਗਈ ਹੈ। ਰੱਖਿਆ ਮਾਹਿਰਾਂ ਅਤੇ ਕੁਝ ਆਧੁਨਿਕ ਵਿਚਾਰਾਂ ਵਾਲੇ ਵਿਚਾਰਵਾਨਾਂ ਵਲੋਂ ਜਿਥੇ ਵਿਸ਼ੇਸ਼ ਕਿਸਮ ਦੇ ਲੋਹ-ਟੋਪ ਨੂੰ ਸਿੱਖ ਫ਼ੌਜੀਆਂ ਦੀਆਂ ਜਾਨਾਂ ਦੀ ਹਿਫ਼ਾਜ਼ਤ ਲਈ ਵਾਜਬ ਦੱਸਿਆ ਜਾ ਰਿਹਾ ਹੈ, ਉੱਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦੀ ਤਜਵੀਜ਼ ਨੂੰ ਸਿੱਖ ਪਛਾਣ ਅਤੇ ਧਾਰਮਿਕ ਆਜ਼ਾਦੀ 'ਤੇ ਵੱਡਾ ਹਮਲਾ ਕਰਾਰ ਦਿੰਦਿਆਂ ਭਾਰਤ ਸਰਕਾਰ ਤੋਂ ਅਜਿਹੀ ਤਜਵੀਜ਼ ਨੂੰ ਮੁਢਲੇ ਪੜਾਅ 'ਤੇ ਹੀ ਰੱਦ ਕਰਨ ਦੀ ਮੰਗ ਕੀਤੀ ਗਈ ਹੈ।

ਲਗਪਗ 83 ਵਰ੍ਹੇ ਪਹਿਲਾਂ ਦੂਜੀ ਸੰਸਾਰ ਜੰਗ ਵੇਲੇ ਵੀ ਬਰਤਾਨਵੀ ਫ਼ੌਜ ਦੇ 1 ਲੱਖ 12 ਹਜ਼ਾਰ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਣ ਲਈ ਆਖਿਆ ਗਿਆ ਸੀ। ਬਰਤਾਨਵੀ ਹਕੂਮਤ ਨੇ ਸਿਰ ਵਿਚ ਗੋਲੀਆਂ ਲੱਗਣ ਕਾਰਨ ਮੌਤਾਂ ਦੀ ਗਿਣਤੀ ਵਧਣ ਦੇ ਖ਼ਦਸ਼ੇ ਨੂੰ ਲੈ ਕੇ ਸ਼ਹੀਦ ਫ਼ੌਜੀਆਂ ਦੇ ਆਸ਼ਰਿਤਾਂ ਨੂੰ ਪੈਨਸ਼ਨ ਦੇਣ ਤੋਂ ਬੇਵੱਸੀ ਜ਼ਾਹਰ ਕੀਤੀ ਸੀ।

ਉਸ ਵੇਲੇ ਡਾ. ਗੰਡਾ ਸਿੰਘ ਵਰਗੇ ਇਤਿਹਾਸਕਾਰਾਂ ਨੇ ਖ਼ਾਲਸਾ ਸਮਾਚਾਰ ਅਖ਼ਬਾਰ ਵਿਚ ਬਹੁਤ ਸਾਰੇ ਲੇਖ ਲਿਖ ਕੇ ਸਿੱਖ ਫ਼ੌਜੀਆਂ ਲਈ ਜੰਗੀ ਹਾਲਾਤਾਂ ਵਿਚ ਲੋਹ-ਟੋਪ ਪਹਿਨਣ ਦੀ ਵਕਾਲਤ ਕੀਤੀ ਸੀ। ਮਸਲਾ ਸ਼੍ਰੋਮਣੀ ਕਮੇਟੀ ਕੋਲ ਪਹੁੰਚਿਆ ਤਾਂ ਉਸ ਨੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੂੰ ਇਸ ਦੇ ਹੱਲ ਲਈ ਅਖ਼ਤਿਆਰ ਸੌਂਪ ਦਿੱਤੇ।

ਸਿੱਖ ਫ਼ੌਜੀਆਂ ਨੇ ਹੈਲਮਟ ਪਹਿਨਣ ਤੋਂ ਇਨਕਾਰ ਕਰਦਿਆਂ ਇਹ ਲਿਖ ਕੇ ਦੇ ਦਿੱਤਾ ਸੀ ਕਿ ਜੇਕਰ ਉਨ੍ਹਾਂ ਵਿਚੋਂ ਕਿਸੇ ਦੀ ਵੀ ਮੌਤ ਸਿਰ ਵਿਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਨ੍ਹਾਂ ਦੇ ਪਰਿਵਾਰ ਸਰਕਾਰ ਕੋਲ ਪੈਨਸ਼ਨ ਦਾ ਦਾਅਵਾ ਨਹੀਂ ਕਰਨਗੇ। ਮਹਾਰਾਜਾ ਯਾਦਵਿੰਦਰ ਸਿੰਘ ਨੇ ਵੀ ਸਿੱਖ ਰਹਿਤ ਮਰਿਆਦਾ ਦੇ ਹਵਾਲੇ ਨਾਲ ਫ਼ੈਸਲਾ ਸੁਣਾ ਦਿੱਤਾ ਕਿ ਸਿੱਖ ਫ਼ੌਜੀ ਕਦੇ ਵੀ ਲੋਹੇ ਦੇ ਟੋਪ ਨਹੀਂ ਪਹਿਨਣਗੇ।

ਬਾਅਦ ਵਿਚ ਇਸੇ ਆਧਾਰ 'ਤੇ ਸੰਨ 1976 ਵਿਚ ਬਰਤਾਨਵੀ ਸੰਸਦ ਨੇ ਆਪਣੇ ਮੋਟਰਸਾਈਕਲ ਹੈਲਮਟ ਐਕਟ ਵਿਚ ਸੋਧ ਕਰਕੇ ਸਿੱਖਾਂ ਨੂੰ ਹੈਲਮਟ ਤੋਂ ਵਿਸ਼ੇਸ਼ ਛੋਟ ਦਿੱਤੀ ਸੀ। ਇਸ ਤੋਂ ਬਾਅਦ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਆਦਿ ਦੇਸ਼ਾਂ ਅੰਦਰ ਵੀ ਸਿੱਖਾਂ ਨੂੰ ਲੋਹ-ਟੋਪ ਤੋਂ ਛੋਟ ਮਿਲ ਗਈ।

ਇਸ ਤੋਂ ਪਹਿਲਾਂ ਵੀ 1853 ਤੋਂ ਲੈ ਕੇ 1859 ਤੱਕ ਬ੍ਰਿਟਿਸ਼ ਇੰਡੀਆ ਦੀ ਫ਼ੌਜ ਦਾ ਸਿੱਖ ਫ਼ੌਜੀ ਮਹੱਤਵਪੂਰਨ ਹਿੱਸਾ ਰਹੇ ਸਨ। ਸਿੱਖ ਫ਼ੌਜੀਆਂ ਤੋਂ ਬਗੈਰ ਬਾਕੀ ਸਾਰੀਆਂ ਹੀ ਦੇਸੀ ਰੈਜਮੈਂਟਾਂ ਸਿਰ 'ਤੇ ਟੋਪੀ ਪਾਉਂਦੀਆਂ ਸਨ। ਪਹਿਲੀ ਸੰਸਾਰ ਜੰਗ ਵਿਚ ਬਹੁਤ ਸਾਰੇ ਸਿੱਖ ਫ਼ੌਜੀਆਂ ਦੀਆਂ ਦਸਤਾਰਾਂ ਦੇ ਲੜਾਂ (ਪੇਚਾਂ) ਵਿਚੋਂ ਫ਼ਸੀਆਂ ਹੋਈਆਂ ਗੋਲੀਆਂ ਨਿਕਲੀਆਂ ਸਨ, ਜੋ ਉਨ੍ਹਾਂ ਦੇ ਸਿਰ ਤੱਕ ਨਹੀਂ ਪੁੱਜ ਸਕੀਆਂ ਸਨ। ਇਹੀ ਦਲੀਲ ਦੂਜੀ ਸੰਸਾਰ ਜੰਗ ਦੌਰਾਨ ਲੋਹ-ਟੋਪ ਪਾਉਣ ਤੋਂ ਇਨਕਾਰ ਕਰਦਿਆਂ ਸਿੱਖ ਫ਼ੌਜੀਆਂ ਅਤੇ ਉਨ੍ਹਾਂ ਦੀ ਹਮਾਇਤ 'ਚ ਆਏ ਸਿੱਖ ਵਿਦਵਾਨਾਂ ਨੇ ਦਿੱਤੀ ਸੀ ਕਿ ਸਿੱਖ ਫ਼ੌਜੀਆਂ ਦੇ ਸਿਰ ਦੀ ਰੱਖਿਆ ਲਈ ਦਸਤਾਰਾਂ ਹੀ ਕਾਫ਼ੀ ਹਨ।

ਸਿੱਖ ਫ਼ੌਜੀਆਂ ਦੇ ਹੱਕ 'ਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਸਿਧਾਂਤਕ ਤੌਰ 'ਤੇ ਬੜੀ ਪ੍ਰਭਾਵਸ਼ਾਲੀ ਲਿਖਤ ਲਿਖਦਿਆਂ ਜਿੱਥੇ ਸਿੱਖ ਫ਼ੌਜੀਆਂ ਨੂੰ ਜੰਗੀ ਹਾਲਾਤ 'ਚ ਹੈਲਮਟ ਪਾਉਣ ਦੀ ਹਮਾਇਤ ਕਰਨ ਵਾਲੇ ਨਵੀਨ ਇਤਿਹਾਸਕਾਰਾਂ ਦਾ ਵਿਰੋਧ ਕੀਤਾ ਸੀ, ਉੱਥੇ ਸਿੱਖ ਰਹਿਤ ਮਰਿਆਦਾ ਅਤੇ ਗੁਰਮਤਿ ਸਿਧਾਂਤ ਅਨੁਸਾਰ ਸਿੱਖ ਲਈ ਲੋਹ-ਟੋਪ ਪਾਉਣ ਦੀ ਜ਼ਬਰਦਸਤ ਖਿਲਾਫ਼ਤ ਕਰਦਿਆਂ ਕਿਹਾ ਸੀ ਕਿ ਸਿੱਖ ਦੇ ਸਿਦਕ ਤੇ ਧਰਮ ਦੀ ਪਰਖ ਹੀ ਬਿਪਤਾ ਵੇਲੇ ਹੁੰਦੀ ਹੈ।

ਬੁਨਿਆਦੀ ਰੂਪ ਵਿਚ ਸਿੱਖ ਪਰੰਪਰਾ ਅੰਦਰ ਸਿੱਖ ਦੀ ਰਹਿਤ ਸੰਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਗੁਰਸਿੱਖਾਂ ਵਲੋਂ ਸਤਿਗੁਰਾਂ ਦੀ ਆਗਿਆ ਨਾਲ ਲਿਖੇ ਗਏ ਰਹਿਤਨਾਮਿਆਂ ਵਿਚ 'ਟੋਪੀ' ਪਹਿਨਣ ਨੂੰ ਵੱਡਾ ਘ੍ਰਿਣਿਤ ਕਰਮ ਮੰਨਦਿਆਂ ਇਉਂ ਕਿਹਾ ਗਿਆ ਹੈ:

'ਹੋਇ ਸਿਖ ਸਿਰ ਟੋਪੀ ਧਰੈ।
ਸਾਤ ਜਨਮ ਕੁਸ਼ਟੀ ਹੁਇ ਮਰੈ।'
(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)

ਰਹਿਤਨਾਮਿਆਂ ਨੂੰ ਸੰਪਾਦਿਤ ਕਰਨ ਵਾਲੇ ਸਿੱਖ ਵਿਦਵਾਨ ਪ੍ਰੋ. ਪਿਆਰਾ ਸਿੰਘ ਪਦਮ ਲਿਖਦੇ ਹਨ, 'ਇਸ ਦਾ ਭਾਵ ਹਰਗਿਜ਼ ਇਹ ਨਹੀਂ ਕਿ ਹਰ ਟੋਪੀ ਪਾਉਣ ਵਾਲਾ ਦੁਖ ਭੋਗਦਾ ਹੈ। ਤਾਤਪ੍ਰਯ ਇਤਨਾ ਹੈ ਕਿ ਜੇ ਕੋਈ ਸਿੱਖ ਹੋ ਕੇ ਟੋਪੀ ਪਾਉਂਦਾ ਹੈ ਤਾਂ ਉਹ ਜ਼ਰੂਰ ਧਰਮ ਤੋਂ ਪਤਿਤ ਹੁੰਦਾ ਹੈ ਤੇ ਕੋੜ੍ਹੀ ਦਾ

**ਮਹਾਰਾਜਾ ਯਾਦਵਿੰਦਰ ਸਿੰਘ ਨੇ ਵੀ ਸਿੱਖ ਰਹਿਤ ਮਰਿਆਦਾ ਦੇ ਹਵਾਲੇ ਨਾਲ ਫ਼ੈਸਲਾ ਸੁਣਾ ਦਿੱਤਾ ਕਿ ਸਿੱਖ ਫ਼ੌਜੀ ਕਦੇ ਵੀ ਲੋਹੇ ਦੇ ਟੋਪ ਨਹੀਂ ਪਹਿਨਣਗੇ। ਬਾਅਦ ਵਿਚ ਇਸੇ ਆਧਾਰ 'ਤੇ ਸੰਨ ੧੯੭੬ ਵਿਚ ਬਰਤਾਨਵੀ ਸੰਸਦ ਨੇ ਆਪਣੇ ਮੋਟਰਸਾਈਕਲ ਹੈਲਮਟ ਐਕਟ ਵਿਚ ਸੋਧ ਕਰਕੇ ਸਿੱਖਾਂ ਨੂੰ ਹੈਲਮਟ ਤੋਂ ਵਿਸ਼ੇਸ਼ ਛੋਟ ਦਿੱਤੀ ਸੀ। ਇਸ ਤੋਂ ਬਾਅਦ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਆਦਿ ਦੇਸ਼ਾਂ ਅੰਦਰ ਵੀ ਸਿੱਖਾਂ ਨੂੰ ਲੋਹ-ਟੋਪ ਤੋਂ ਛੋਟ ਮਿਲ ਗਈ।**

# ਕੀ ਸਿੱਖਾਂ ਲਈ ਹੈਲਮਟ ਜ਼ਰੂਰੀ?



ਜੀਵਨ ਜੀਉਂਦਾ ਹੈ।' ਪ੍ਰੋ. ਆਸਾ ਸਿੰਘ ਘੁੰਮਣ 'ਦਾਸਤਾਨ-ਏ-ਦਸਤਾਰ' ਵਿਚ ਲਿਖਦੇ ਹਨ ਕਿ, ਟੋਪੀ ਦੇ ਖ਼ਿਲਾਫ਼ ਏਨੀਆਂ ਜ਼ਬਰਦਸਤ ਭਾਵਨਾਵਾਂ ਦਾ ਅਰਥ ਇਹੀ ਸੀ ਕਿ ਨਵੇਂ ਕੇਸਾਧਾਰੀ ਪੰਥ ਦੀ ਹਸਤੀ ਨੂੰ ਬ੍ਰਾਹਮਣਵਾਦ ਅਤੇ ਤੁਰਕਵਾਦ ਤੋਂ ਬਚਾਇਆ ਜਾਏ ਅਤੇ ਟੋਪੀ ਨਾਲ ਨਫ਼ਰਤ ਕਰਾਉਣ ਦਾ ਅਰਥ ਸੀ ਕਿ ਹਿੰਦੂ ਧਰਮ ਵਿਚਲੀ ਡਰਪੋਕਤਾ ਤੋਂ ਉੱਪਰ ਉੱਠਣਾ ਕਿਉਂਕਿ ਇਸ ਭਾਈਚਾਰੇ ਦਾ ਵੱਡਾ ਹਿੱਸਾ ਉਸ ਸਮੇਂ ਮੁਸਲਮਾਨਾਂ ਦੇ ਜ਼ੁਲਮਾਂ ਅੱਗੇ ਗੋਡੇ ਟੇਕ ਕੇ ਆਪਣਾ ਦੀਨ-ਈਮਾਨ ਛੱਡ ਚੁੱਕਾ ਸੀ।

ਗੁਰੂ ਸਾਹਿਬਾਨ ਵੇਲੇ ਜੰਗਾਂ-ਯੁੱਧਾਂ ਵਿਚ ਕਿਤੇ ਵੀ ਲੋਹ-ਟੋਪ ਪਾਉਣ ਦੀ ਪੁਸ਼ਟ ਝਲਕ ਨਹੀਂ ਮਿਲਦੀ। ਬਲਕਿ ਆਪਣੀ ਜਾਨ-ਪ੍ਰਾਣ ਦੇ ਰੱਖਿਅਕ ਅਕਾਲ ਪੁਰਖ ਨੂੰ ਮੰਨਦਿਆਂ ਸੀਸ 'ਤੇ ਦੁਮਾਲੇ ਅਤੇ ਚੱਕਰ ਸਜਾ ਕੇ ਹੀ ਗੁਰੂ ਸਾਹਿਬਾਨ ਅਤੇ ਸਿੱਖ ਸਿਪਾਹੀ ਲੜਦੇ ਰਹੇ। ਜਦਕਿ ਦੂਜੇ ਪਾਸੇ ਉਸ ਵੇਲੇ ਮੁਗ਼ਲ ਲੜਾਕੇ ਲੋਹ-ਟੋਪ ਅਤੇ ਸੰਜੋਆਂ ਪਹਿਨਣ ਦੇ ਬਾਵਜੂਦ ਸਿੱਖਾਂ ਹੱਥੋਂ ਮੈਦਾਨ-ਏ-ਜੰਗ ਵਿਚ ਫ਼ੌਤ ਹੁੰਦੇ ਰਹੇ।

ਚਮਕੌਰ ਦੀ ਜੰਗ 'ਚ ਅਹਿਮ ਉਦਾਹਰਨ ਮਿਲਦੀ ਹੈ ਕਿ ਸੰਜੋਅ ਨਾਲ ਤਨ ਢਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਸ਼ਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਏਨੇ ਬਲ ਤੇ ਵਿਸ਼ਵਾਸ ਦੇ ਨਾਲ ਨੇਜ਼ਾ ਮਾਰਿਆ ਕਿ ਉਹ ਲੋਹੇ ਦੇ ਸੰਗਲਾਂ ਵਾਲੀ ਸੰਜੋਅ ਨੂੰ ਕੱਟ ਕੇ ਪਠਾਨ ਸਿਪਾਹਸਲਾਰ ਦੇ ਸੀਨੇ ਦੇ ਆਰ-ਪਾਰ ਹੋ ਗਈ। ਇਤਿਹਾਸ 'ਚ ਜ਼ਿਕਰ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਉਮਰ ਆਪਣੇ ਸਿਰ 'ਤੇ ਇਸ ਕਰਕੇ ਬਾਦਸ਼ਾਹੀ ਤਾਜ ਨਹੀਂ ਪਹਿਨਿਆ ਕਿ ਉਸ ਦੇ ਨਾਲ ਗੁਰੂ ਸਾਹਿਬਾਨ ਵਲੋਂ ਬਖ਼ਸ਼ੀ ਹੋਈ ਦਸਤਾਰ ਦੀ ਸ਼ਾਨ ਨੂੰ ਠੇਸ ਪੁੱਜਦੀ ਹੈ। ਜੰਗ-ਏ-ਆਜ਼ਾਦੀ ਦੌਰਾਨ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਨੂੰ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਵਿਦਰੋਹ ਦੇ ਦੋਸ਼ 'ਚ ਉਮਰ ਕੈਦ ਹੋਈ ਤਾਂ ਮੁਲਤਾਨ ਜੇਲ੍ਹ 'ਚ ਉਨ੍ਹਾਂ ਨੂੰ ਕੈਦੀਆਂ ਵਾਲੀ ਵਰਦੀ ਸਮੇਤ ਟੋਪੀ ਪਹਿਨਣ ਲਈ ਕਿਹਾ ਗਿਆ। ਭਾਈ ਸਾਹਿਬ ਨੇ ਇਸ ਨਾਦਰਸ਼ਾਹੀ ਫ਼ੁਰਮਾਨ ਦੇ ਖ਼ਿਲਾਫ਼ 40 ਦਿਨ ਕੜਾਕੇ ਦੀ ਭੁੱਖ ਹੜਤਾਲ (ਪਾਣੀ ਤੱਕ ਮੂੰਹ ਨੂੰ ਨਹੀਂ ਲਾਇਆ) ਰੱਖ ਕੇ ਆਪਣੇ ਸਿਦਕ ਅਤੇ ਸਿਰੜ ਦੇ ਅੱਗੇ ਜੇਲ੍ਹ ਪ੍ਰਸ਼ਾਸਨ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ।

ਆਜ਼ਾਦ ਭਾਰਤ ਅੰਦਰ ਫ਼ੌਜ ਦੀਆਂ ਸਿੱਖ ਰੈਜੀਮੈਂਟਾਂ ਵਿਚ ਸਿੱਖ ਰਹਿਤ ਦਾ ਨਾ-ਸਿਰਫ਼ ਖ਼ਿਆਲ ਹੀ ਰੱਖਿਆ ਜਾਂਦਾ ਹੈ ਸਗੋਂ ਸਿੱਖ ਫ਼ੌਜੀਆਂ ਨੂੰ ਉਸ ਦੀ ਸਖ਼ਤੀ ਨਾਲ ਪਾਲਣਾ ਵੀ ਕਰਵਾਈ ਜਾਂਦੀ ਹੈ। ਸਿੱਖ ਫ਼ੌਜੀਆਂ ਨੇ ਵੀ 1948, 1962, 1965, 1971 ਅਤੇ 1999 ਦੀ ਕਾਰਗਿਲ ਜੰਗ ਦੌਰਾਨ ਸਿੱਖੀ ਜਜ਼ਬੇ ਅਤੇ ਰੂਹਾਨੀ ਭਰੋਸੇ ਦੇ ਨਾਲ ਬਗੈਰ ਲੋਹ-ਟੋਪ ਤੋਂ ਅਹਿਮ ਭੂਮਿਕਾ ਨਿਭਾਈ। ਕਸ਼ਮੀਰ ਦੀ ਬਗਾਵਤ ਦੌਰਾਨ ਜਦੋਂ ਫ਼ੌਜ ਅਤੇ ਕਸ਼ਮੀਰੀ ਲੜਾਕਿਆਂ ਦੇ ਆਹਮੋ-ਸਾਹਮਣੇ ਮੁਕਾਬਲੇ ਹੋਣ ਲੱਗੇ ਤਾਂ 1990 ਦੌਰਾਨ ਸਿੱਖ ਫ਼ੌਜੀਆਂ ਨੂੰ ਦਸਤਾਰਾਂ ਤੋਂ ਹੇਠਾਂ ਪਹਿਨਣ ਲਈ ਬੁਲਟ ਪਰੂਫ਼ ਪਟਕੇ ਜ਼ਰੂਰ ਪਹਿਨਾਏ ਜਾਣ ਲੱਗੇ ਪਰ ਉਨ੍ਹਾਂ ਦੇ ਨਾਲ ਦਸਤਾਰ ਦੀ ਸ਼ਾਨ ਅਤੇ ਮਰਿਆਦਾ ਵਿਚ ਕੋਈ ਫ਼ਰਕ ਨਹੀਂ ਸੀ ਪੈਂਦਾ।

ਕਾਰਗਿਲ ਜੰਗ ਦੇ ਜੇਤੂ ਸੇਵਾ-ਮੁਕਤ ਬ੍ਰਿਗੇਡੀਅਰ ਐਮ.ਪੀ.ਐੱਸ. ਬਾਜਵਾ ਦੱਸਦੇ ਹਨ ਕਿ ਜੰਗ ਦੇ ਮੈਦਾਨ ਵਿਚ ਸਿੱਖ ਫ਼ੌਜੀਆਂ ਨੂੰ ਉਨ੍ਹਾਂ ਦੇ ਅੰਦਰਲਾ ਸਿੱਖੀ ਦਾ ਜਜ਼ਬਾ ਅਤੇ ਦਸਤਾਰ ਦਾ ਸਵੈਮਾਣ ਹੀ ਦੂਜੇ ਫ਼ੌਜੀਆਂ ਨਾਲੋਂ ਨਿਆਰਾਪਨ ਦਿੰਦਾ ਹੈ ਪਰ ਜਦੋਂ ਸਿੱਖ ਫ਼ੌਜੀਆਂ ਨੂੰ ਵੀ ਲੋਹ-ਟੋਪ ਦੇ ਦਿੱਤਾ ਗਿਆ ਤਾਂ ਇਸ ਦੇ ਨਾਲ ਸਿੱਖ ਫ਼ੌਜੀਆਂ ਅੰਦਰ ਲੜਨ ਦਾ ਵਿਰਾਸਤੀ ਜਜ਼ਬਾ ਨਹੀਂ ਰਹੇਗਾ। ਉਹ ਦੱਸਦੇ ਹਨ ਕਿ ਉਨ੍ਹਾਂ ਨੇ 1999 ਵਿਚ 8-ਸਿੱਖ ਰੈਜੀਮੈਂਟ ਦੇ ਕੇਵਲ 50 ਫ਼ੌਜੀਆਂ ਦੇ ਨਾਲ ਹੀ 'ਟਾਈਗਰ ਹਿੱਲ' ਉੱਪਰ ਜਿੱਤ ਪ੍ਰਾਪਤ ਕਰ ਲਈ ਸੀ, ਜਿਸ ਤੋਂ ਬਾਅਦ ਪਾਕਿਸਤਾਨੀ ਫ਼ੌਜ ਦੇ ਜਰਨੈਲ ਦਾ ਇਕ ਬਿਆਨ ਆਇਆ ਸੀ ਕਿ, ਜਿਸ ਵੇਲੇ ਅਸੀਂ ਟਾਈਗਰ ਹਿੱਲ 'ਤੇ ਪੱਗਾਂ ਵਾਲੇ ਸਿੱਖ ਫ਼ੌਜੀਆਂ ਨੂੰ ਜੈਕਾਰੇ ਲਾਉਂਦੇ ਵੇਖਿਆ ਤਾਂ ਸਾਡਾ ਹੌਸਲਾ ਉਸੇ ਵੇਲੇ ਹੀ ਪਸਤ ਹੋ ਗਿਆ ਸੀ।

ਸੋ, ਬੁਨਿਆਦੀ ਰੂਪ ਵਿਚ ਲਗਦਾ ਹੈ ਕਿ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦਾ ਮਸਲਾ ਪਛਾਣ ਅਤੇ ਸਿੱਖੀ ਗੌਰਵ ਦੇ ਨਾਲ-ਨਾਲ ਦੇਸ਼ ਸੇਵਾ 'ਚ ਸਮਾਨਤਾ ਦੇ ਮੌਕਿਆਂ 'ਤੇ ਵੀ ਸਵਾਲ ਖੜ੍ਹੇ ਕਰੇਗਾ, ਕਿਉਂਕਿ ਜੇਕਰ ਕੋਈ ਸਿੱਖੀ ਰਹਿਤ ਵਿਚ ਪ੍ਰਪੱਕ ਸਿੱਖ ਜਵਾਨ ਫ਼ੌਜ ਰਾਹੀਂ ਦੇਸ਼ ਦੀ ਸੇਵਾ ਕਰਨਾ ਚਾਹੇਗਾ ਤਾਂ ਲਿਹਾਜ਼ਾ ਉਸ ਦੇ ਅੱਗੇ ਦੇਸ਼ ਸੇਵਾ ਜਾਂ ਧਰਮ, ਦੋਵਾਂ ਵਿਚੋਂ ਇਕ ਚੁਣਨ ਦਾ ਸੰਕਟ ਵੀ ਜ਼ਰੂਰ ਖੜ੍ਹਾ ਹੋਵੇਗਾ। ਜੋ ਵੀ ਹੋਵੇ, ਇਸ ਮਸਲੇ 'ਤੇ ਸਿਹਤਮੰਦ ਵਿਚਾਰ-ਚਰਚਾ ਦੁਆਰਾ ਸੁਖਾਵਾਂ ਹੱਲ ਲੱਭਣਾ ਚਾਹੀਦਾ ਹੈ। ਕੇਂਦਰੀ ਸਰਕਾਰ ਨੂੰ ਕਾਹਲੀ ਵਿਚ ਜਾਂ ਜ਼ਬਰਦਸਤੀ ਕੋਈ ਫ਼ੈਸਲਾ ਨਹੀਂ ਠੋਸਣਾ ਚਾਹੀਦਾ।


## MATRIMONIAL

**Navita Kaur Arora**
**D.O.B:** 10th Feb 1992
**Birthplace:** Ludhiana
**Height:** 5 feet 2 inches
**Education:** B.E in Computer Science
**Profession:** Currently working in CEX We Buy Entertainment as a QA Engineer
**Interested may Contact:**
**9819042317**

**Tanveer Singh Khalsa**
**D.O.B.** 1987, **Height:** 5'10"
**Qualification:** B. Com,
**Income:** RS 70000 PM
**Cast: Rajput (Sikh)**
**Address: Mera Road, M: 79779 98502**

**Harpreet Kaur Thitrya**
**D.O.B.** 24-12-1990, **Height:** 5'2"
**Education:** M. Com
**Profession:** Executive Assistant at Centrum Broking LTD
**Cast:** Mehra (SIKH)
**Address:** Ghatkopar
**Contact: 9004702069**

**Gurdip Singh Sohal**
**D.O.B.** 27-10-1991, **Height:** 5'7"
**Diploma in Electronic Engineering**
**Cast:** Ramgarhia (Sohal),
**Income:** RS 80000 PM
**Contact: 8855933051**

**Swapnil Santosh Siddhu**
**D.O.B.** 4-12-1992, **Height:** 5.8
**Address:** Fort Mumbai 400001
**Education:** H.S.C passed
Working in Government Sector
**Contact: 8652100780**

## 14 ਫਰਵਰੀ ਨੂੰ ਮਹੀਮ (ਮਾਟੂੰਗਾ) ਚਰਚ ਦੇ ਵਫਦ ਵੱਲੋਂ ਗੁਰਦੁਆਰਾ ਸਾਹਿਬ ਦਾਦਰ ਵਿਖੇ ਫੇਰੀ





## ਕੇਪ ਟਾਊਨ ਸਾਊਥ ਅਫਰੀਕਾ ਦੇ ਰਹਿਣ ਵਾਲੇ ਪਰਿਵਾਰ ਦੇ 6 ਮੈਂਬਰ ਗੁਰਦੁਆਰਾ ਸਾਹਿਬ ਦਾਦਰ ਆਏ



**ਸਿੰਘ ਸਭਾ ਪੱਤ੍ਰਿਕਾ ਰਿਪੋਰਟਰ**

9 ਫਰਵਰੀ 2023 ਨੂੰ ਡਾਕਟਰ ਭਦਰਾ ਚਾਵੜ੍ਹਾ ਅਤੇ ਉਹਨਾਂ ਦਾ ਪਰਿਵਾਰ 6 ਮੈਂਬਰ, ਕੇਪ ਟਾਊਨ ਸਾਊਥ ਅਫਰੀਕਾ ਤੋਂ ਗੁਰਦੁਆਰਾ ਸਾਹਿਬ ਦਾਦਰ ਵਿਖੇ ਦਰਸ਼ਨ ਦੀਦਾਰਿਆਂ ਲਈ ਆਏ। ਉਹਨਾਂ ਨੂੰ ਸਭਾ ਦੇ ਸਟਾਫ ਨੇ ਨਾਲ ਜਾ ਕੇ ਗੁਰਦੁਆਾਰਾ ਹਾਲ ਵਿਖੇ ਮੱਥਾ ਟੇਕਣ, ਲੰਗਰ ਘਰ, ਨਾਮਾ ਵੈਦਿਆਸ਼ਾਲਾ, ਕੈਂਸਰ ਪੇਸ਼ੈਂਟ, ਮੁਸਾਫਰਖਾਨਾ ਅਤੇ ਗੁਰੂ ਨਾਨਕ ਸਕੂਲ ਬਾਰੇ ਜਾਣਕਾਰੀ ਦਿੱਤੀ।

ਇਹ ਪਰਿਵਾਰ ਜਨਰਲ ਸਕੱਤਰ ਸ੍ਰ. ਬਲਬੀਰ ਸਿੰਘ ਜੀ ਨਾਲ ਗੁਰਦੁਆਰਾ ਸਾਹਿਬ ਦਫਤਰ ਵਿਖੇ ਮਿਲੇ, ਚਾਹ ਪਾਣੀ ਛਕਦਿਆਂ ਹੋਇਆਂ ਉਹਨਾਂ ਨੂੰ ਸਿੰਘ ਸਾਹਿਬ ਨੇ ਸ੍ਰੀ ਗੁਰੂ ਸਿੰਘ ਸਭਾ (ਰਜਿ.), ਮੁੰਬਈ ਦਾਦਰ ਬਾਰੇ, ਮੁੰਬਈ ਵਿੱਖੇ ਸਿੱਖ ਸਮਾਜ ਬਾਰੇ ਅਤੇ ਉਨਾਂ ਨਾਲ ਜੁੜ੍ਹੇ ਹੋਏ 100 ਤੋਂ ਵੱਧ ਗੁਰਦੁਆਰਿਆਂ ਬਾਰੇ, ਸਿੱਖ ਇਤਿਹਾਸ ਬਾਰੇ, ਸਿੱਖਾਂ ਵੱਲੋਂ ਸ਼ੁਰੂ ਤੋਂ ਭਾਰਤ ਦੀ ਅਜ਼ਾਦੀ ਦੀ ਲੜ੍ਹਾਈ ਤੱਕ ਦਿੱਤੀਆਂ ਸ਼ਹੀਦੀਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਇਹ ਸਭ ਦੇਖ, ਸੁਣ ਇਹ ਪਰਿਵਾਰ ਕਾਫੀ ਪ੍ਰਭਾਵਿਤ ਹੋਇਆ।

## ਪੂਜਾ ਦਾ ਧਨ ਜ਼ਰਾ ਸੰਭਲ ਕੇ ਖਰਚਣਾ ਚਾਹੀਦਾ ਹੈ –ਬੀਬੀ ਕਿਰਨਜੋਤ ਕੌਰ

**ਸਿੰਘ ਸਭਾ ਪੱਤ੍ਰਿਕਾ ਬਿਊਰੋ**

ਸ਼੍ਰੋਮਣੀ ਕਮੇਟੀ ਬਜਟ ਦੀਆਂ ਤਰਜੀਹਾਂ ਨਿਰਧਾਰਤ ਕਰਨ ਲਈ ਜਨ: ਸਕੱਤਰ ਭਾਈ ਗਰੇਵਾਲ ਵਲੋਂ ਕੁਝ ਦਿਨ ਪਹਿਲਾਂ ਸੰਗਤਾਂ ਤੋਂ ਮੰਗੇ ਅਹਿਮ ਸੁਝਾਅ ਤੇ ਵਿਚਾਰਾਂ ਦੇ ਸੰਬੰਧ 'ਚ ਸ਼੍ਰੋਮਣੀ ਕਮੇਟੀ ਦੇ ਤੱਤਕਾਲੀ ਜਨਰਲ ਸਕੱਤਰ ਤੇ ਮੌਜੂਦਾ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸ਼੍ਰੋਮਣੀ ਕਮੇਟੀ ਬਜਟ ਦੀ ਪਾਰਦਰਸ਼ਤਾ ਬਾਰੇ ਸੋਚਣ ਨੂੰ ਸ਼ਲਾਘਾਯੋਗ ਕਰਾਰ ਦਿੰਦਿਆਂ ਕਿਹਾ ਕਿ ਬਜਟ ਦਾ ਮੁੱਢਲਾ ਨਿਯਮ ਤੇ ਸਰੋਤ ਚੜ੍ਹਤ ਦੀ ਮਾਇਆ ਹੈ, ਜੋ ਇਸ ਤਰ੍ਹਾਂ ਸੰਕੋਚ ਕੇ ਵਰਤਣੀ ਚਾਹੀਦੀ ਹੈ ਜਿਵੇਂ ਘਰ ਦੇ ਮਹੀਨੇ ਦਾ ਬਜਟ ਖ਼ਰਚੀਦਾ ਹੈ।

ਸੋਸ਼ਲ ਮੀਡੀਆ 'ਤੇ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਗੁਰਦੁਆਰੇ ਦੀ ਚੜ੍ਹਤ ਦੇ 100 ਰੁਪਏ ਵਿਚੋਂ 70 ਰੁਪਏ ਵਾਪਸ ਗੁਰਦੁਆਰੇ ਦੇ ਬਿਜਲੀ ਦੇ ਬਿੱਲ, ਲੰਗਰ, ਤਨਖ਼ਾਹਾਂ ਆਦਿ 'ਤੇ ਹੀ ਖ਼ਰਚ ਹੁੰਦਾ ਹੈ। 15 ਰੁਪਏ ਧਰਮ ਪ੍ਰਚਾਰ ਕਾਰਜਾਂ, 10 ਰੁਪਏ ਸ਼੍ਰੋਮਣੀ ਕਮੇਟੀ ਨੂੰ ਦਸਵੰਧ, 5 ਰੁਪਏ ਵਿੱਦਿਆ ਅਤੇ ਹੋਰ ਫੰਡ ਗੁਰਦੁਆਰਿਆਂ ਤੋਂ ਲਏ ਜਾਂਦੇ ਹਨ। ਇਸ ਵਕਤ ਚੜ੍ਹਤ ਦੇ 100 'ਚੋਂ 40 ਰੁਪਏ ਕੇਵਲ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਹੀ ਖ਼ਰਚਾ ਹੈ। ਉਨ੍ਹਾਂ ਕਿਹਾ ਕਿ 20 ਸਾਲ ਪਹਿਲਾਂ 100 'ਚੋਂ ਕੇਵਲ 12 ਰੁਪਏ ਤਨਖਾਹ ਦਾ ਖ਼ਰਚਾ ਸੀ, ਇਸ ਮਸਲੇ ਦਾ ਹੱਲ ਕੀਤਾ ਜਾਏ। ਉਨ੍ਹਾਂ ਸੁਝਾਅ ਦਿੱਤਾ ਕਿ ਪੂਜਾ ਦਾ ਧਾਨ ਹੈ, ਜ਼ਰਾ ਸੰਭਲ਼ ਕੇ ਖਰਚਣਾ ਚਾਹੀਦਾ ਹੈ।

### PUBLIC NOTICE

## Singh Sabha warns against gangsters posing as Gurdwara representatives



The Matunga police has detained persons, who are moving around Dadar, Matunga and Parel seeking donations for a Goushala in Haridwar.

As they have been using the reference of Singh Sabha Mumbai to persuade people to donate, Singh Sabha hereby publicly clarifies that such people should not be entertained and no such authoritisation of any kind has been given by the body. This is not a Sikh practice and the Dadar Gurdwara does not nominate or endorse any such person or any such practice whatsoever.

Anyone falling prey to such a practice would be doing it at his/her own risk and the Sri Guru Singh Sabha Mumbai (Regd.) Dadar will not be liable in any manner.

# ਸਿਆਸੀ ਕੈਦੀਆਂ ਨੂੰ ਰਿਹਾ ਕਰੋ

## RELEASE ALL POLITICAL PRISONERS

**ਕਿਸੇ ਵੀ ਸਮਾਜ ਵਿੱਚ ਜਿੱਥੇ ਕਾਨੂੰਨ ਦਾ ਰਾਜ ਹੋਵੇ, ਕੈਦੀਆਂ ਨੂੰ ਅਦਾਲਤਾਂ ਵੱਲੋਂ ਸੁਣਾਈ ਸਜ਼ਾਵਾਂ ਤੋਂ ਬਾਅਦ ਰਿਹਾ ਕਰਨਾ ਲਾਜ਼ਮੀ ਬਣਦਾ ਹੈ। ਮੁੰਬਈ ਦੀ ਸਿੱਖ ਸੰਗਤ ਕੌਮੀ ਇਨਸਾਫ ਮੋਰਚੇ ਨਾਲ ਇਕਜੁੱਟਤਾ ਜਤਾਉਂਦੇ ਹੋਏ। ਉਨ੍ਹਾਂ 21 ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕਰਦਾ ਹੈ ਜਿਨ੍ਹਾਂ ਵਿੱਚੋਂ 9 ਕੈਦੀਆਂ ਦਾ ਵੇਰਵਾ ਇਸ ਪੋਸਟਰ ਵਿੱਚ ਦਿੱਤਾ ਹੋਇਆ ਹੈ ਜੋ ਪਿਛਲੇ 15 ਤੋਂ 31 ਸਾਲਾਂ ਤੱਕ ਹਿੰਦੁਸਤਾਨ ਦੀਆਂ ਵੱਖ-ਵੱਖ ਜੇਲਾਂ ਵਿਚ ਨਜ਼ਰਬੰਦ ਹਨ।**



**ਦਵਿੰਦਰਪਾਲ ਸਿੰਘ ਭੁੱਲਰ:** ਬਠਿੰਡਾ ਜ਼ਿਲ੍ਹੇ ਦੇ ਦਿਆਲਪੁਰਾ ਭਾਈਕਾ ਪਿੰਡ ਦੇ ਵਸਨੀਕ ਦਵਿੰਦਰਪਾਲ ਸਿੰਘ ਭੁੱਲਰ 1993 ਤੋਂ ਨਜ਼ਰਬੰਦ ਹਨ। ਸੰਨ 2011 ਵਿੱਚ ਉਨ੍ਹਾਂ ਨੂੰ ਸਜ਼ਾਏ-ਮੌਤ ਹੋਈ ਸੀ, ਜਿਸ ਨੂੰ ਬਾਅਦ ਵਿੱਚ ਸੁਪਰੀਮ ਕੋਰਟ ਨੇ ਉਰ ਕੈਦ ਵਿੱਚ ਬਦਲ ਦਿੱਤਾ ਸੀ। ਪਿਛਲੇ 30 ਸਾਲਾਂ 'ਚੋਂ ਉਨ੍ਹਾਂ ਨੇ ਲਗਭਗ 27 ਸਾਲ ਜੇਲ ਕੱਟੀ ਹੈ ਅਤੇ ਵੱਖ ਵੱਖ ਸਮਿਆਂ 'ਤੇ ਸਮੇਂ ਲਈ ਪੈਰੋਲ 'ਤੇ ਰਹੇ ਹਨ। ਭਾਵੇਂ ਕਿ ਪਹਿਲੇ ਪਾਤਸ਼ਾਹ ਦੇ 550 ਸਾਲਾ ਪੁਰਬ 'ਤੇ ਉਨ੍ਹਾਂ ਦੀ ਰਿਹਾਈ ਦਾ ਰਾਹ ਪੱਧਰਾ ਕੀਤਾ ਗਿਆ ਸੀ ਪਰ ਅਰਵਿੰਦ ਕੇਜਰੀਵਾਲ ਦੀ ਦਿੱਲੀ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਨੂੰ ਵੱਖ ਵੱਖ ਕਾਰਨਾ ਕਰਕੇ ਟਾਲਿਆ ਜਾਂਦਾ ਰਿਹਾ ਹੈ।



**ਲਖਵਿੰਦਰ ਸਿੰਘ ਲੱਖਾ:** ਰੋਪੜ ਜ਼ਿਲ੍ਹੇ ਦੇ ਕਨਸਲ ਪਿੰਡ ਦੇ ਵਾਸੀ ਲਖਵਿੰਦਰ ਸਿੰਘ ਨੂੰ 1995 ਵਿੱਚ ਸਜ਼ਾਏ ਮੌਤ ਹੋਈ ਸੀ ਤੇ ਉਹ ਅੱਜ ਤੱਕ ਮਾਡਲ ਜ਼ੇਲ੍ਹ ਬੁੜੈਲ, ਚੰਡੀਗੜ੍ਹ ਵਿੱਚ ਸਜ਼ਾਯਾਫਤਾ ਹਨ ਅਤੇ ਇਨ੍ਹਾਂ ਨੂੰ ਵੱਖ-ਵੱਖ ਸਮੇਂ 'ਤੇ ਪੈਰੋਲ 'ਤੇ ਛੱਡਿਆ ਜਾਂਦਾ ਹੈ।



**ਸ਼ਮਸ਼ੇਰ ਸਿੰਘ:** ਪਟਿਆਲਾ ਜ਼ਿਲੇ ਦੇ ਉਕਾਸੀ ਜੱਟਾਂ ਪਿੰਡ ਦੇ ਰਹਿਣ ਵਾਲੇ ਸ਼ਮਸ਼ੇਰ ਸਿੰਘ ਵੀ 1995 ਤੋਂ ਚੰਡੀਗੜ੍ਹ ਜ਼ੇਲ ਵਿੱਚ ਹਨ ਅਤੇ ਇਨ੍ਹਾਂ ਨੂੰ ਵੀ ਪੈਰੋਲ ਮਿਲਦੀ ਹੈ।



**ਬਲਵੰਤ ਸਿੰਘ ਰਾਜੋਆਨਾ:** ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਜੋਆਨਾ ਦੇ ਨਿਵਾਸੀ, ਬਲਵੰਤ ਸਿੰਘ ਰਾਜੋਆਜ਼ਾ 1995 ਤੋਂ ਜੇਲ੍ਹ ਵਿੱਚ ਹਨ। ਸੰਨ 2012 ਵਿੱਚ ਉਨ੍ਹਾਂ ਦੀ ਮੌਤ ਦੀ ਸਜ਼ਾ ਭਾਰਤੀ ਗ੍ਰਹਿ ਮੰਤਰਾਲੇ ਵੱਲੋਂ ਰੋਕ ਦਿੱਤੀ ਗਈ ਸੀ। ਹਾਲਾਕਿ ਉਹ ਪੈਰੋਲ ਦੇ ਹੱਕਦਾਰ ਹਨ ਪਰ ਉਨ੍ਹਾਂ ਨੇ ਕਦੀ ਵੀ ਪੈਰੋਲ ਨਹੀਂ ਲਈ। ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਪੱਕੇ ਤੌਰ 'ਤੇ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਗਿਆ ਸੀ ਪਰ ਹਾਲੇ ਤੱਕ ਉਸ 'ਤੇ ਅਮਲ ਨਹੀਂ ਹੋਇਆ ਹੈ ਅਤੇ ਇਸ ਬਾਰੇ ਇੱਕ ਅਰਜ਼ੀ ਸੁਪਰੀਮਕੋਰਟ ਵਿੱਚ ਦਰਜ ਹੈ।



**ਜਗਤਾਰ ਸਿੰਘ ਤਾਰਾ:** ਰੋਪੜ ਜ਼ਿਲ੍ਹੇ ਦੇ ਪਿੰਡ ਦੇਕਵਾਲਾ ਦੇ ਨਿਵਾਸੀ ਸਤੰਬਰ 1995 ਤੋਂ ਜੇਲ੍ਹ ਵਿੱਚ ਹਨ ਅਤੇ ਉਨ੍ਹਾਂ ਨੇ ਵੀ ਪੈਰੋਲ ਨਹੀਂ ਲਈ ਹੈ।



**ਗੁਰਦੀਪ ਸਿੰਘ ਖਹਿਰਾ:** ਅੰਮ੍ਰਿਤਸਰ ਜ਼ਿਲੇ ਦੇ ਪਿੰਡ ਜੱਲੂਪੁਰ ਖਹਿਰਾ ਦੇ ਨਿਵਾਸੀ ਗੁਰਦੀਪ ਸਿੰਘ ਖਹਿਰਾ 6 ਦਸੰਬਰ 1990 ਤੋਂ ਜੇਲ ਵਿਚ ਨਜ਼ਰਬੰਦ ਹਨ। ਉਨ੍ਹਾਂ ਨੂੰ ਵੱਖ-ਵੱਖ ਸਮੇਂ ਪਰੋਲ ਤੇ ਛਡਿਆ ਜਾਂਦਾ ਹੈ। ਹਲਾਂਕੀ ਗੁਰੂ ਨਾਨਕ ਪਾਤਸਾਹ ਦੇ 550 ਸਾਲਾਂ ਗੁਰਪੁਰਬ ਦੇ ਭਾਰਤ ਸਰਕਾਰ ਨੇ ਉਨ੍ਹਾਂ ਦੀ ਰਿਹਾਈ ਲਈ ਸਰਕਾਰੀ ਨੋਟੀਫੀਕੇਸ਼ਨ ਜਾਰੀ ਕੀਤਾ ਗਿਆ ਸੀ ਪਰ 31 ਸਾਲਾਂ ਬਾਅਦ ਵੀ ਕਰਨਾਟਕ ਦੀ ਸੂਬਾ ਸਰਕਾਰ ਨੇ ਉਨ੍ਹਾਂ ਨੂੰ ਰਿਹਾ ਨਹੀਂ ਕੀਤਾ ਹੈ।



**ਗੁਰਮੀਤ ਸਿੰਘ ਮੀਤਾ:** ਮੁਹਾਲੀ, ਪੰਜਾਬ ਦੇ ਵਸਨੀਕ ਗੁਰਮੀਤ ਸਿੰਘ ਮੀਤਾ ਗੁਰੂ ਨਾਨਕ ਨਗਰ ਪਟਿਆਲਾ ਦੇ ਰਹਿਣ ਵਾਲੇ ਹਨ ਅਤੇ ਪੇਸ਼ੇ ਤੋਂ ਇੰਜੀਨੀਅਰ ਹਨ। ਇਹ ਵੀ 1995 ਤੋਂ ਮਾਡਲ ਜੇਲ੍ਹ ਚੰਡੀਗੜ੍ਹ ਵਿੱਚ ਨਜ਼ਰਬੰਦ ਹਨ ਅਤੇ ਇਨ੍ਹਾਂ ਨੂੰ ਵੀ ਪੈਰੋਲ ਦੀ ਸਹੂਲਤ ਮਿਲਦੀ ਹੈ।



**ਪਰਮਜੀਤ ਸਿੰਘ ਭਿਓਰਾ:** ਲਕਸ਼ਮੀ ਨਗਰ ਦਿੱਲੀ ਦੇ ਰਹਿਣ ਵਾਲੇ ਪਰਮਜੀਤ ਸਿੰਘ ਦਾ ਪਿਛੋਕੜ ਰੋਪੜ ਜ਼ਿਲ੍ਹੇ ਦੇ ਭਿਓਰਾ ਪਿੰਡ ਨਾਲ ਹੈ। ਇਹ 1997 ਵਿੱਚ ਗ੍ਰਿਫਤਾਰ ਹੋਏ ਸਨ। ਜਨਵਰੀ 2004 ਵਿੱਚ ਜੇਲ੍ਹ ਤੋੜ ਕੇ ਭੱਜੇ ਸਨ ਅਤੇ ਮਾਰਚ 2006 ਵਿੱਚ ਫਿਰ ਤੋਂ ਗ੍ਰਿਫਤਾਰ ਹੋ ਗਏ ਸੀ। ਬਿਨਾਂ ਪੈਰੋਲ ਤੋਂ ਪਿਛਲੇ ਕਈ ਸਾਲਾਂ ਤੋਂ ਬੁੜੈਲ ਜੇਲ੍ਹ, ਚੰਡੀਗੜ੍ਹ ਵਿੱਚ ਨਜ਼ਰਬੰਦ ਹਨ।



**ਜਗਤਾਰ ਸਿੰਘ ਹਵਾਰਾ:** ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਹਵਾਰਾ ਦੇ ਨਿਵਾਸੀ ਜਗਤਾਰ ਸਿੰਘ ਨੂੰ ਵੀ 1995 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਹ ਵੱਖ ਵੱਖ ਕੇਸਾਂ ਵਿੱਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਨੂੰ ਨਿਰਦੋਸ਼ ਸਾਬਤ ਕਰਨ ਲਈ ਅਰਜ਼ੀ ਸੁਪਰੀਮ ਕੋਰਟ ਵਿੱਚ ਦਰਜ ਹੈ। ਉਹ ਬੁੜੈਲ ਜੇਲ੍ਹ ਵਿੱਚੋਂ ਜਨਵਰੀ 2004 ਨੂੰ ਬੁੜੈਲ ਜੇਲ੍ਹ ਤੋਂ ਭੱਜ ਗਏ ਸਨ ਅਤੇ ਜੂਨ 2005 ਵਿੱਚ ਮੁੜ ਗ੍ਰਿਫਤਾਰ ਹੋ ਗਏ। ਪਿਛਲੇ 25 ਸਾਲਾਂ ਤੋਂ ਉਹ ਜੇਲ 'ਚ ਹਨ ਅਤੇ ਉਨ੍ਹਾਂ ਨੇ ਪੈਰੋਲ ਨਹੀਂ ਲਈ ਹੈ।


103 YEARS OF SEWA
1920 SINGH SABHA 2023
DADAR GURDWARA
ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ, ਦਾਦਰ

Dr. Ambedkar Road,
Dadar (E), Mumbai-14
T: 24135029